# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਕਾਮ. (ਪੰਜਾਬੀ ਲਾਜ਼ਮੀ) ਸਮੈਸਟਰ ਪਹਿਲਾ

ਪੇਪਰ : ਪੰਜਾਬੀ ਲਾਜ਼ਮੀ ਯੂਨਿਟ : 1

## ਕਥਾ ਰੰਗ
## (ਕਹਾਣੀ ਸੰਗ੍ਰਹਿ)

ਪਾਠ ਨੰ:


1.1 : 27 ਜਨਵਰੀ, ਮੁੜ ਵਿਧਵਾ ਅਤੇ ਪਠਾਣ ਦੀ ਧੀ ਕਹਾਣੀਆਂ ਦਾ ਸਾਰ

1.2 : ਤ੍ਰਿਸ਼ਨਾ, ਭੇਤ ਵਾਲੀ ਗੱਲ ਅਤੇ ਧਰਤੀ ਹੇਠਲਾ ਬੌਲਦ ਕਹਾਣੀਆਂ ਦਾ ਸਾਰ

1.3 : ਇਕ ਬਾਲੜੀ ਦੋ ਪਤਾਸੇ, ਮੋਹੜੀ ਅਤੇ ਸ਼ਹੀਦ ਕਹਾਣੀਆਂ ਦਾ ਸਾਰ

1.4 : ਜਿਊਣ ਜੋਗੇ, ਮੂਨ ਦੀ ਅੱਖ ਅਤੇ ਇੱਕੀਵੀਂ ਸਦੀ ਕਹਾਣੀਆਂ ਦਾ ਸਾਰ

1.5 : ਬਠਲੂ ਚਮਿਆਰ, ਜਿੱਥੋਂ ਸੂਰਜ ਉਗਦਾ ਹੈ ਅਤੇ ਡੁੰਮ੍ਹ ਕਹਾਣੀਆਂ ਦਾ ਸਾਰ


**Department website : www.pbidde.org**

## B.COM. PART-I (Ist Semester)

## ਬੀ. ਕਾਮ ਭਾਗ ਪਹਿਲਾ
## BC 101 - ਪੰਜਾਬੀ ਲਾਜ਼ਮੀ

Time allowed : 3 hrs — Max. Marks :50
Period per week : 6 — External Assessment :35
Pass Marks : 35% — Internal Assessment: 15

**ਪਾਠਕ੍ਰਮ ਤੇ ਪਾਠ ਪੁਸਤਕਾਂ:**

**ਭਾਗ—ੳ:** **ਕਥਾ ਰੰਗ** (ਸੰਪਾ. ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਸਿੰਘ ਚੀਮਾ) 10 ਅੰਕ

ਭਾਗ—ਅ: (1) **ਨਿਬੰਧ—ਰਚਨਾ** : ਵਣਜ-ਵਪਾਰ ਦੇ ਸਰੂਪ ਤੇ ਮਹੱਤਵ, ਵਣਜ-ਵਪਾਰ ਵਿਚ ਕੰਪਿਊਟਰ ਦੀ ਵਰਤੋਂ, ਮਾਤ ਭਾਸ਼ਾ ਅਤੇ ਗਿਆਨ-ਵਿਗਿਆਨ, ਸਮਕਾਲੀ ਵਿੱਦਿਆ-ਪ੍ਰਬੰਧ, ਵਣਜ ਵਪਾਰ ਦੇ ਅਧਿਆਪਨ ਦਾ ਭਾਸ਼ਾਈ ਪੱਖ ਅਤੇ ਵਾਤਾਵਰਣ ਆਦਿ ਵਿਸ਼ਿਆਂ ਨਾਲ ਸਬੰਧਤ ਨਿਬੰਧ ਰਚਨਾ। 05ਅੰਕ

**(2) ਵਿਸ਼ਾਗਤ ਲੇਖਣੀ ਅਤੇ ਤਕਨੀਕੀ ਸ਼ਬਦਾਵਲੀ:** (i) ਪੰਜਾਬੀ ਵਿਚ ਗਿਆਨ-ਵਿਗਿਆਨ ਦੀ ਪੜ੍ਹਾਈ, ਅਧਿਐਨ ਅਤੇ ਅਧਿਆਪਨ ਦੀਆਂ ਸਮੱਸਿਆਵਾਂ. ਵਣਜ-ਵਪਾਰ ਨਾਲ ਸੰਬੰਧਿਤ ਤਕਨੀਕੀ ਸ਼ਬਦਾਵਾਲੀ ਦੀ ਘਾੜਤ, ਹੋਰ ਭਾਸ਼ਾਵਾਂ ਵਿਚੋਂ ਸ਼ਬਦ-ਉਧਾਰ (ਤੱਤਸਮ ਤੇ ਤਦਭਵ ਵਰਤੋਂ) ਅਤੇ ਸ਼ਬਦਜੋੜ ਤੇ ਉਚਾਰਣ-ਨਿਰਧਾਰਣ ਦੇ ਮਸਲੇ। 02 ਅੰਕ

(ii) ਵਣਜ ਵਪਾਰ ਨਾਲ ਸੰਬੰਧਿਤ ਕਿਸੇ ਅੰਗਰੇਜ਼ੀ ਪੈਰ੍ਹੇ ਦਾ ਪੰਜਾਬੀ ਅਨੁਵਾਦ 02 ਅੰਕ

ਵਣਜ-ਵਪਾਰ ਨਾਲ ਸੰਬੰਧਿਤ ਤਕਨੀਕੀ ਸ਼ਬਦਾਵਲੀ (100 ਦੇ ਲਗਭਗ ਸ਼ਬਦ): ਅਨੁਵਾਦ ਅਤੇ ਵਾਕਾਂ ਵਿਚ ਵਰਤੋਂ 02ਅੰਕ

ਭਾਗ-ੲ: ਭਾਗ-ੳ ਅਤੇ ਭਾਗ-ਅ (2) ਵਿਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ। 14 ਅੰਕ

**ਅੰਕ-ਵੰਡ ਅਤੇ ਪੇਪਰ ਸੈਂਟਰ ਲਈ ਹਦਾਇਤਾਂ:**

1. ਪਾਠਕ੍ਰਮ ਦੇ ਦੋ ਭਾਗ ਹਨ ਪਰ ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇਗਾ।
2. ਭਾਗ ੳ ਵਿੱਚੋਂ (i) ਕਿਸੇ ਕਹਾਣੀ ਦਾ ਵਿਸ਼ਾ-ਵਸਤੂ/ਸਾਰ/ ਪਾਠਕ ਦੇ ਪ੍ਰਭਾਵ ਬਾਰੇ ਪ੍ਰਸ਼ਨ (ਤਿੰਨ ਵਿੱਚੋਂ ਇੱਕ) 05 ਅੰਕ
   (ii) ਪਾਤਰ ਸੰਬੰਧੀ ਜਾਣਕਾਰੀ (ਚਾਰ ਵਿੱਚੋਂ ਦੋ) 05 ਅੰਕ
3. ਭਾਗ ਅ-1 ਵਿਚ ਦਰਜ਼ ਕਿਸੇ ਵਿਸ਼ੇ ਤੇ ਨਿਬੰਧ ਲਿਖਣ ਲਈ ਕਿਹਾ ਜਾਵੇਗਾ। (ਤਿੰਨ ਵਿੱਚੋਂ ਇੱਕ) 05 ਅੰਕ
4. ਅ-2 (i) ਵਿਚੋਂ ਇੱਕ ਸੰਖੇਪ ਉੱਤਰ (ਇੱਕ ਡੇਢ ਪੰਨੇ ਵਿਚ) ਵਾਲਾ ਪ੍ਰਸ਼ਨ ਕਰਨਾ ਹੋਵੇਗਾ। (ਦੋ ਵਿਚੋਂ ਇੱਕ) 02 ਅੰਕ
5. ਭਾਗ ਅ-2 (ii) ਵਿਚ ਵਣਜ-ਵਪਾਰ ਨਾਲ ਸੰਬੰਧਿਤ ਇੱਕ ਸੰਖੇਪ ਅੰਗਰੇਜ਼ੀ ਪੈਰ੍ਹੈ ਦਾ ਪੰਜਾਬੀ ਅਨੁਵਾਦ ਕਰਨ ਲਈ ਕਿਹਾ ਜਾਵੇਗਾ। 02 ਅੰਕ
6. ਅ-2 (iii) ਵਿਚ 5 ਅੰਗਰੇਜ਼ੀ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋਂ ਲਈ ਕਿਹਾ ਜਾਵੇਗਾ (ਪੰਜ ਵਿੱਚੋਂ ਦੋ) 02 ਅੰਕ
7. ਭਾਗ-ੲ **ਕਥਾ ਰੰਗ** ਅਤੇ ਅ-2 (i) ਵਾਲੇ ਭਾਗ ਵਿੱਚੋਂ ਸੰਖੇਪ ਉੱਤਰਾਂ ਵਾਲੇ 7 (ਪਾਠ ਪੁਸਤਕ **ਕਥਾ ਰੰਗ** ਵਿੱਚੋਂ 4 ਅਤੇ **ਤਕਨੀਕੀ ਸ਼ਬਦਾਵਲੀ ਅਤੇ ਵਿਸ਼ਾਗਤ ਲੇਖਣੀ** ਵਿੱਚੋਂ 3 ਪ੍ਰਸ਼ਨ ਪੁੱਛੇ ਜਾਣਗੇ। ਇਸ ਵਿਚ ਤਕਨੀਕੀ ਸਬਦਾਵਲੀ ਦੇ ਅਰਥ ਦੱਸਣ ਤੇ ਸੰਖੇਪ ਵਿਆਖਿਆ ਕਰਨ ਲਈ ਵੀ ਕਿਹਾ ਜਾ ਸਕਦਾ ਹੈ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 7x2=14 ਅੰਕ

## ਸਹਾਇਕ ਪਾਠ—ਸਮੱਗਰੀ

**ਡਾ. ਜੋਗਾ ਸਿੰਘ, ਭਾਸ਼ਾ ਨੀਤੀ ਬਾਰੇ ਅੰਤਰ-ਰਾਸ਼ਟਰੀ ਖੋਜ: ਮਾਤ ਭਾਸ਼ਾ ਖੋਲ੍ਹਦੀ ਹੈ ਸਿੱਖਿਆ ਗਿਆਨ ਅਤੇ ਅੰਗਰੇਜ਼ੀ ਸਿੱਖਣ ਦੇ ਦਰਵਾਜ਼ੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013**

ਪਾਠ ਨੰ. : 1.1 ਲੇਖਿਕਾ : ਡਾ. ਹਰਜੋਤ ਕੌਰ

## 27 ਜਨਵਰੀ, ਮੁੜ ਵਿਧਵਾ ਅਤੇ ਪਠਾਣ ਦੀ ਧੀ ਕਹਾਣੀਆਂ ਦਾ ਸਾਰ

1.1.1 ਪਾਠ ਦਾ ਉਦੇਸ਼
1.1.2 ਭੂਮਿਕਾ
1.1.3 ਪਾਠ ਦੀ ਰੂਪ ਰੇਖਾ
- 1.1.3.1 27 ਜਨਵਰੀ
  - 1.1.3.1.1 ਕਹਾਣੀਕਾਰ ਨਾਲ ਜਾਣ-ਪਛਾਣ
  - 1.1.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
  - 1.1.3.1.3 ਆਲੋਚਨਾਤਮਕ ਪਰਖ
- 1.1.3.2 ਮੁੜ ਵਿਧਵਾ
  - 1.1.3.2.1 ਕਹਾਣੀਕਾਰ ਨਾਲ ਜਾਣ-ਪਛਾਣ
  - 1.1.3.2.2 ਕਹਾਣੀ ਦਾ ਸਾਰ
  - 1.1.3.2.3 ਆਲੋਚਨਾਤਮਕ ਪਰਖ
- 1.1.3.3 ਪਠਾਣ ਦੀ ਧੀ
  - 1.1.3.3.1 ਕਹਾਣੀਕਾਰ ਨਾਲ ਜਾਣ-ਪਛਾਣ
  - 1.1.3.3.2 ਕਹਾਣੀ ਦਾ ਸਾਰ
  - 1.1.3.3.3 ਆਲੋਚਨਾਤਮਕ ਪਰਖ

1.1.4 ਸਿੱਟਾ
1.1.5 ਅਭਿਆਸ ਲਈ ਪ੍ਰਸ਼ਨ
1.1.6 ਸਹਾਇਕ ਪੁਸਤਕ ਸੂਚੀ

### 1.1.1 ਪਾਠ ਦਾ ਉਦੇਸ਼:

ਹਥਲੇ ਪਾਠ ਦਾ ਮੰਤਵ ਤੁਹਾਨੂੰ 'ਕਥਾ ਰੰਗ' ਕਹਾਣੀ ਸੰਗ੍ਰਹਿ ਦੇ ਪਹਿਲੇ ਤਿੰਨ ਕਹਾਣੀਕਾਰਾਂ ਦੀ ਜਾਣ ਪਛਾਣ, ਉਨ੍ਹਾਂ ਦੀਆਂ ਕਹਾਣੀਆਂ ਦਾ ਸਾਰ/ ਵਿਸ਼ਾ ਵਸਤੂ ਅਤੇ ਕਹਾਣੀ ਦੀ ਪਰਖ ਕਰਨ ਸੰਬੰਧੀ ਸਿਧਾਂਤਕ ਸੂਝ ਦੇਣਾ ਹੈ।

### 1.1.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ.ਏ. ਭਾਗ ਪਹਿਲਾ ਪਰਚਾ ਪੰਜਾਬੀ ਲਾਜ਼ਮੀ ਦੇ ਸਿਲੇਬਸ ਵਿਚ 'ਕਥਾ ਰੰਗ'

ਕਹਾਣੀ ਸੰਗ੍ਰਹਿ ਸ਼ਾਮਲ ਹੈ। ਜਿਸ ਵਿਚੋਂ ਕਹਾਣੀ ਦਾ ਸਾਰ/ਵਿਸ਼ਾ ਵਸਤੂ/ਕਲਾ ਪੱਖ ਅਤੇ ਕਹਾਣੀਕਾਰ ਦੇ ਯੋਗਦਾਨ ਬਾਰੇ 15 ਨੰਬਰ ਦਾ ਪ੍ਰਸ਼ਨ ਪੁੱਛਿਆ ਜਾਣਾ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਭੇਜੀ ਜਾ ਰਹੀ ਹੈ। 'ਕਥਾ ਰੰਗ' ਡਾ. ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਚੀਮਾ ਦੁਆਰਾ ਸੰਪਾਦਕ ਕੀਤੀ ਗਈ ਹੈ ਜਿਸ ਵਿਚ ਵੱਖੋਂ-ਵੱਖਰੇ ਕਹਾਣੀਕਾਰਾਂ ਦੀਆਂ ਚੋਣਵੀਆਂ, ਕੁਲ 15 ਕਹਾਣੀਆਂ ਸ਼ਾਮਲ ਹਨ। 'ਇਹ ਕਹਾਣੀ ਸੰਗ੍ਰਹਿ ਪੰਜਾਬੀ ਯੂਨੀਵਰਸਿਟੀ, ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ।

### 1.1.3 ਪਾਠ ਦੀ ਰੂਪ ਰੇਖਾ:

### 1.1.3.1 27 ਜਨਵਰੀ

### 1.1.3.1.1 ਕਹਾਣੀਕਾਰ ਨਾਲ ਜਾਣ-ਪਛਾਣ:

'27 ਜਨਵਰੀ' ਕਹਾਣੀ ਗੁਰਮੁਖ ਸਿੰਘ ਮੁਸਾਫਿਰ (1899-1976) ਦੁਆਰਾ ਲਿਖੀ ਗਈ ਹੈ। ਆਪ ਦਾ ਜਨਮ ਸੁਜਾਨ ਸਿੰਘ ਦੇ ਘਰ ਪਿੰਡ ਅੱਧਵਾਲ ਜ਼ਿਲਾ ਅਟਕ ਵਿਚ ਹੋਇਆ ਜੋ ਹੁਣ ਪਾਕਿਸਤਾਨ ਵਿਚ ਹੈ। ਮੈਟ੍ਰਿਕ ਤੇ ਗਿਆਨੀ ਕਰਨ ਤੋਂ ਬਾਦ ਆਪ ਕੁਝ ਦੇਰ ਸਕੂਲ ਵਿਚ ਨੌਕਰੀ ਕਰਦੇ ਰਹੇ, ਬਾਦ ਵਿਚ ਉਨ੍ਹਾਂ ਨੂੰ 'ਅਕਾਲੀ' ਅਖ਼ਬਾਰ ਦੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣ ਦਾ ਮੌਕਾ ਵੀ ਮਿਲਿਆ। ਕਾਂਗਰਸ ਵਲੋਂ ਚਲਾਏ ਜਾ ਰਹੇ ਆਜ਼ਾਦੀ ਸੰਗਰਾਮ ਦੀ ਸਰਗਰਮ ਧਿਰ ਹੋਣ ਕਰਕੇ ਆਪ ਨੂੰ ਕਈ ਵਾਰ ਜੇਲ੍ਹ ਵੀ ਜਾਣਾ ਪਿਆ। ਆਪ ਸਿੱਧੇ ਤੌਰ ਤੇ ਰਾਜਨੀਤੀ ਨਾਲ ਜੁੜੇ ਰਹੇ ਆਪ ਨੇ ਨਿੱਜ ਵਾਸਤੇ ਕਦੇ ਵੀ ਕੁਝ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਪਰਿਵਾਰਕ ਲੋੜਾਂ ਨੂੰ ਵੀ ਅਣਗੌਲਿਆਂ ਕੀਤਾ। ਉਨ੍ਹਾਂ ਦੀ ਵਿਸ਼ੇਸ਼ ਪਛਾਣ ਸੁਤੰਤਰਤਾ ਸੰਗਰਾਮੀਏ ਦੇ ਤੌਰ ਤੇ ਵੀ ਬਣੀ। ਆਪ ਨੇ ਬੜੀ ਲਗਨ ਨਾਲ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਕੰਮ ਕੀਤਾ। ਭਾਵੇਂ ਉਹ ਸਾਰੀ ਉਮਰ ਇਕ ਸਿਆਸਤਦਾਨ ਵਜੋਂ ਵਿਚਰਦੇ ਰਹੇ ਪਰ ਦਿਲ ਦੇ ਧੁਰ ਅੰਦਰੋਂ ਉਹ ਸੰਵੇਦਨਸ਼ੀਲ ਸਾਹਿਤਕਾਰ ਹੀ ਸਨ ਆਪ ਨੇ ਆਪਣੀ ਤਨ ਤੇ ਮਨ ਦੀ ਪੀੜਾਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ ਅਤੇ ਲੋਕਾਂ ਦੇ ਕਿਰਦਾਰ ਅਤੇ ਕੁਰਬਾਨੀਆਂ ਦਾ ਚਿਤ੍ਰਣ ਵੀ ਆਪਣੀ ਰਚਨਾ ਵਿਚ ਕੀਤਾ। ਆਪ ਮੁੱਢਲੇ ਕਹਾਣੀਕਾਰਾਂ ਵਿਚੋਂ ਇਕ ਇਤਿਹਾਸਕ ਮਹੱਤਾ ਰਖਣ ਵਾਲੇ ਕਹਾਣੀਕਾਰ ਹਨ। ਆਪ ਦੇ ਕਹਾਣੀ ਸੰਗ੍ਰਹਿ ਹਨ: ਵੱਖਰੀ ਦੁਨੀਆਂ, ਸਭ ਹੱਛਾਂ, ਆਲ੍ਹਣੇ ਦੇ ਬੋਟ, ਸਸਤਾ ਤਮਾਸ਼ਾ, ਕੰਧਾ ਬੋਲ ਪਈਆਂ। ਆਪ ਦੇ ਕਹਾਣੀ ਸੰਗ੍ਰਹਿ 'ਉਰਵਾਰ ਪਾਰ' ਨੂੰ ਮਰਨ ਉਪਰੰਤ, 1978 ਵਿਚ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਪਰਦਾਨ ਕੀਤਾ ਗਿਆ।

### 1.1.3.1.2 ਕਹਾਣੀ ਦਾ ਸਾਰ/ਵਿਸ਼ਾ ਵਸਤੂ

ਗੁਰਮੁਖ ਸਿੰਘ ਮੁਸਾਫਿਰ ਰਚਿਤ ਕਹਾਣੀ '27 ਜਨਵਰੀ' ਇਸ ਗਲ ਦੀ ਗਵਾਹੀ ਭਰਦੀ ਹੈ ਕਿ ਮੁੱਢਲੇ ਕਹਾਣੀਕਾਰ ਵੀ, ਭਾਵੇਂ ਉਹ ਕਿਸੇ ਵਰਗ ਨਾਲ ਸੰਬੰਧਿਤ ਸਨ, ਕਾਮਿਆ ਮਜ਼ਦੂਰਾਂ ਅਤੇ ਦੱਬੇ ਕੁਚਲੇ ਲੋਕਾਂ ਲਈ ਕੇਵਲ ਹਮਦਰਦੀ ਹੀ ਨਹੀਂ ਰਖਦੇ ਸਨ ਸਗੋਂ ਉਨ੍ਹਾਂ ਦਾ ਜੀਵਨ ਬਦਲਿਆ ਹੋਇਆ ਦੇਖਣ ਦੀ ਲੋਚਾਂ ਵੀ ਰਖਦੇ ਸਨ। ਇਸ ਕਹਾਣੀ ਦੀ ਸਾਰੀ ਕਥਾ 27 ਜਨਵਰੀ ਦੇ ਦਿਨ ਦੇ ਸਫਾਈ ਸੇਵਕਾਂ ਤੇ ਮਜ਼ਦੂਰਾਂ ਵਲੋਂ ਕੰਮ ਕਾਰ ਕਰਦੇ ਹੋਏ ਉਨ੍ਹਾਂ ਦੀ ਆਪਸੀ ਗਲਬਾਤ ਤੋਂ ਉਭਰਦੀ ਸੋਚ ਦੁਆਲੇ ਘੁੰਮਦੀ ਹੈ। 26 ਜਨਵਰੀ 'ਰਿਪਬਲਿਕ ਡੇ' ਦੇ ਸਮਾਗਮ ਤੋਂ ਬਾਦ 27 ਜਨਵਰੀ ਨੂੰ ਇੰਡੀਆ ਗੇਟ ਤੇ ਬਹੁਤ ਸਾਰਾ ਕੂੜਾ ਕਰਕਟ ਇਸ ਤਰ੍ਹਾਂ ਖਿੰਡਿਆ ਪਿਆ ਸੀ ਜਿਵੇਂ ਜ਼ੋਰ ਦੀ ਹਨ੍ਹੇਰੀ ਕਾਰਨ ਸਾਰਾ ਕੁਝ ਉਡ ਕੇ ਇਕ ਪਾਸੇ ਇਕੱਠਾ ਹੋ ਗਿਆ ਹੋਵੇ ਉਸ ਥਾਂ ਦੀ ਹਾਲਤ ਐਸੀ ਸੀ ਜਿਵੇਂ ਮੁਸਾਫਰਾਂ ਦੇ ਤੁਰ ਜਾਣ ਵਾਲੀ ਸਵੇਰ ਨੂੰ, ਸਰ੍ਹਾਂ ਦੇ ਕਮਰੇ ਦੀ ਹੁੰਦੀ ਹੈ। ਇਹ ਉਹੀ ਥਾਂ ਸੀ ਜਿਸ ਨੂੰ ਕਲ ਸਵੇਰ ਤਕ ਇਕ ਮਹੀਨੇ ਤੋਂ ਸਜਾਇਆ ਜਾ ਰਿਹਾ ਸੀ। ਮਜ਼ਬੂਤ ਡੰਡਿਆਂ ਨਾਲ ਲੋਹੇ ਦੀਆਂ ਤਾਰਾ ਲਾਈਆਂ ਗਈਆਂ ਸੀ ਅਤੇ ਲੋਕਾਂ ਦੇ ਬੈਠਣ ਲਈ ਕੁਰਸੀਆਂ ਤੇ ਬੈਂਚ ਰਖੇ ਗਏ ਅਤੇ ਸਾਰੀਆਂ ਸੜਕਾਂ ਦੀ ਸਫਾਈ ਕੀਤੀ ਗਈ ਸੀ।

27 ਜਨਵਰੀ ਦੀ ਕੜਕਦੀ ਸਰਦੀ ਦੀ ਸਵੇਰ ਨਾਨੂੰ ਤੇ ਝੰਡੂ ਦੋ ਜਮਾਦਾਰ ਸਾਰੇ ਟੁੱਟੇ ਭੱਜੇ ਬੈਂਚ, ਮੁਧੀਆਂ ਹੋਈਆਂ ਕੁਰਸੀਆਂ, ਕਾਗਜਾਂ, ਪੱਤਲਾ ਅਤੇ ਛਿਲੜਾ ਦੇ ਢੇਰ ਨੂੰ ਚੁੱਕ ਰਹੇ ਹਨ ਤਾਂ ਕੰਮ ਕਰਦੇ ਕਰਦੇ ਨਾਨੂ ਨੇ ਝੰਡੂ ਨੂੰ ਬੜੇ ਫਖਰ ਨਾਲ ਦਸਿਆ ਕਿ ਕਲ ਉਹ ਹਿੰਮਤ ਕਰਕੇ ਚੋਰੀ ਛਿਪੇ ਤਾਰਾਂ ਟੱਪ ਕੇ ਸਾਰਾ ਸਮਾਗਮ ਆਪਣੇ ਅੱਖੀ ਦੇਖ ਕੇ ਗਿਆ ਹੈ। ਰਾਸ਼ਟਰਪਤੀ ਦੁਆਰਾ ਲਈ ਗਈ ਪ੍ਰੇਡ ਦੀ ਸਲਾਮੀ ਬਾਰੇ, ਪ੍ਰਧਾਨ ਮੰਤਰੀ, ਇੰਗਲੈਂਡ ਦੀ ਮਲਕਾ ਐਲਜਬੈਥ ਤੇ ਹੋਰ ਵਜ਼ੀਰਾਂ ਦੇ ਸਭ ਤੋਂ ਅੱਗੇ ਬੈਠਣ ਸੰਬੰਧੀ ਤੇ ਮੈਂਬਰ ਤੇ ਹੋਰ ਸ਼ਹਿਰ ਦੇ ਪਤਵੰਤੇ ਜੋ ਕੁਰਸੀਆਂ ਤੇ ਬੈਚਾਂ ਤੇ ਬੈਠੇ ਸੀ ਉਨ੍ਹਾਂ ਸਭ ਬਾਰੇ ਦਸ ਰਿਹਾ ਹੈ ਤੇ ਬੁੱਢਾ ਤੇ ਕਮਜ਼ੋਰ ਝੰਡੂ ਕੂੜਾ ਇਕੱਠਾ ਕਰਨ ਵਾਲੀ ਟੋਕਰੀ ਉਪਰ ਬੈਠਾ ਨਾਨੂੰ ਦੀਆਂ ਗਲਾਂ ਸੁਣਦਾ ਇਸ ਜਸ਼ਨ ਵਿਚ ਆਪਣੀ ਕਾਲਪਨਿਕ ਸ਼ਮੂਲੀਅਤ ਸਮਝਦੇ ਹੋਏ ਆਨੰਦ ਮਹਿਸੂਸ ਕਰ ਰਿਹਾ ਹੈ।

ਹੋਰ ਕਾਮੇ ਆ ਕੇ ਉਨ੍ਹਾਂ ਦੋਹਾਂ ਨਾਲ ਆਪਣੀਆਂ ਗੱਲਾਂ ਸਾਂਝੀਆਂ ਕਰਦੇ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸਾਰੀਆਂ ਕੁਰਸੀਆਂ ਤੇ ਬੈਚ ਆਪਣੇ ਮੋਢਿਆ ਤੇ ਢੋਏ ਅਤੇ ਕੰਡਿਆਲੀਆਂ ਤਾਰਾਂ ਕਸਣ ਲਗਿਆ ਉਨ੍ਹਾਂ ਦੇ ਹੱਥ ਵੀ ਛਿਲੇ ਗਏ। ਇਹ ਗਲਾਂ ਸੁਣ ਕੇ ਝੰਡੂ ਨੇ ਸਭ ਨਾਲ ਆਪਣੇ ਦਿਲ ਦੀ ਗਲ ਸਾਂਝੀ ਕੀਤੀ ਕਿ ਇਸ ਜਸ਼ਨ ਲਈ ਪੰਡਾਲ ਤਿਆਰ ਕਰਨ, ਸਫਾਈ ਤੇ ਹੋਰ ਸਾਜੋ ਸਜਾਵਟ ਕਰਨ ਲਈ ਸਾਰੇ ਕਾਮੇ 25 ਜਨਵਰੀ ਤਕ ਇਸ ਇਲਾਕੇ ਦੇ ਮਾਲਕ ਸੀ ਪਰ 26 ਜਨਵਰੀ ਨੂੰ ਉਨ੍ਹਾਂ ਕੋਲੋ ਇਹ ਮਾਲਕੀ ਖੁਸ ਗਈ ਅਤੇ ਉਨ੍ਹਾਂ ਨੂੰ ਕਿਸੇ ਨੇ ਸਮਾਗਮ ਦੇ ਨੇੜੇ ਵੀ ਨਹੀ ਫਟਕਣ ਦਿੱਤਾ। ਝੰਡੂ ਦਾ ਗਿਲਾ ਸੁਣ ਕੇ ਇਕ ਰਾਹਗੀਰ ਨੇ ਜਦੋ ਉਹਨੂੰ ਪਾਸ ਲੈ ਲੈਣ ਦਾ ਨਿਹੋਰਾ ਮਾਰਿਆ ਤਾਂ ਬਾਕੀ ਸਾਰਿਆਂ ਨੇ ਉਸ ਦਾ ਮਖੌਲ ਉਡਾਇਆ ਕਿ ਝੰਡੂ ਵਰਗੇ ਨੂੰ ਪਾਸ ਕਿਸ ਤਰ੍ਹਾ ਮਿਲ ਸਕਦਾ ਹੈ। ਤਾਂ ਇਹ ਗਲ ਸੁਣ ਕੇ ਨਾਲ ਦੇ ਨੇ ਕਿਹਾ ਝੰਡੂ ਵੀ ਤਾਂ ਬੰਦਾ ਹੈ। ਕਹਾਣੀਕਾਰ ਨੇ ਝੰਡੂ ਦੇ ਇਨ੍ਹਾ ਸ਼ਬਦਾਂ ''ਖਬਰੇ ਸਾਨੂੰ ਬੰਦਾ ਹੀ ਨਾ ਸਮਝਿਆ ਜਾਂਦਾ ਹੋਵੇ,'' ਰਾਹੀ ਇਸ ਕਹਾਣੀ ਵਿਚ ਲੁਕਿਆ ਦੁਖਾਂਤਕ ਵਿਅੰਗ ਅਤੇ ਹਕੀਕਤ ਨੂੰ ਪੇਸ਼ ਕੀਤਾ ਹੈ। ਫੇਰ ਝੰਡੂ ਨੇ ਸਾਰਿਆਂ ਨੂੰ ਆਪਣੇ ਮੁੰਡੇ ਨਾਲ ਵਾਪਰੀ ਘਟਨਾ ਬਾਰੇ ਦਸਿਆ ਕਿ ਇਕ ਵਾਰੀ ਉਸਦੇ ਮੁੰਡੇ ਨੂੰ ਕਿਸੇ ਗੁਆਂਢੀ ਤੋ ਪਾਸ ਮਿਲਣ ਤੇ ਵੀ ਅੰਦਰ ਨਹੀਂ ਜਾਣ ਦਿੱਤਾ ਗਿਆ ਤੇ ਸੰਤਰੀਆਂ ਨੇ ਧੱਕਾ ਦੇ ਕੇ ਉਸਨੂੰ ਬਾਹਰ ਕਢ ਦਿਤਾ ਕਿਉਕਿ ਉਸ ਦਾ ਪਹਿਰਾਵਾ ਵਧੀਆ ਨਹੀਂ ਸੀ।

ਫੇਰ ਉਹ ਆਪਣੇ ਦੇਸ਼ ਦੀ ਤੁਲਨਾ ਵਲੈਤ ਨਾਲ ਕਰਦੇ ਹਨ ਜਿਥੇ ਸਾਰੇ ਬਰਾਬਰ ਸਮਝੇ ਜਾਂਦੇ ਹਨ, ਪਹਿਰਾਵਾ ਵੀ ਸਭ ਦਾ ਇਕੋ ਜਿਹਾ ਹੁੰਦਾ ਹੈ। ਨਾਨੂੰ ਝੰਡੂ ਨੂੰ ਇਹ ਆਸ ਦਿਵਾਉਦਾ ਹੈ ਕਿ ਜੇ ਸਾਡੇ ਦੇਸ਼ ਵਿੱਚ ਵੀ ਸਾਰੇ ਲੋਕ ਅਣਥੱਕ ਮਿਹਨਤ ਕਰਨ ਲਗ ਜਾਣ ਤਾਂ ਸਾਡਾ ਦੇਸ਼ ਵੀ ਵਲੈਤ ਦੀ ਤਰ੍ਹਾਂ ਹੋ ਜਾਵੇਗਾ ਪਰ ਝੰਡੂ ਬੇਆਸ ਜਿਹਾ ਹੋ ਕੇ ਆਪਣੇ ਦੇਸ਼ ਦੇ ਲੋਕਾਂ ਦੀ ਸੋਚ ਦੀ ਗਲ ਕਰਦਾ ਹੈ ਕਿ ਗਰੀਬਾਂ ਨਾਲ ਉਦੋ ਵੀ ਅਜਿਹਾ ਸਲੂਕ ਹੀ ਹੋਵੇਗਾ।

ਇਸ ਵਾਰੀ 26 ਜਨਵਰੀ ਨੂੰ ਬਹੁਤ ਭੀੜ ਸੀ ਕਿਉਕਿ ਦੂਰੋ-ਦੂਰੋ ਲੋਕ ਮਲਕਾ ਐਲਜਬੈਥ ਨੂੰ ਦੇਖਣ ਲਈ ਰਾਤ ਨੂੰ ਹੀ ਰਜਾਈਆਂ ਲੈ ਕੇ ਆਪਣੀ-ਆਪਣੀ ਥਾਂ ਬੈਠ ਗਏ ਸੀ ਇਸੇ ਕਰਕੇ ਇਕ ਕਾਮੇ ਨੂੰ ਉਥੋਂ ਬੜੀ ਸੋਹਣੀ ਰਜਾਈ ਲਭੀ ਜੋ ਕੋਈ ਕਾਹਲੀ ਵਿਚ ਛੱਡ ਗਿਆ ਸੀ ਪਰ ਉਸਦੀ ਘਰਵਾਲੀ ਨੇ ਇਸ ਪਵਿੱਤਰ ਦਿਹਾੜੇ ਉੱਤੇ ਚੋਰੀ ਦੀ ਰਜਾਈ ਘਰ ਵਿਚ ਰੱਖਣ ਤੋਂ ਮਨ੍ਹਾਂ ਕਰ ਦਿਤਾ। ਉਸ ਦੀ ਗੱਲ ਸੁਣ ਕੇ ਝੰਡੂ ਨੇ ਰਜਾਈ ਲੈਣ ਦੀ ਇੱਛਾ ਜ਼ਾਹਰ ਕੀਤੀ ਤਾਂ ਕਿ ਉਹ ਆਪਣੀ ਜ਼ਿੰਦਗੀ ਦਾ ਆਖ਼ਰੀ ਸਮਾਂ ਨਿੱਘ ਵਿਚ ਸੋ ਸਕੇ। ਇਨ੍ਹਾਂ ਕਾਮਿਆਂ ਦੇ ਕੋਲੋਂ ਲੰਘਦੇ ਤੇ ਭੀੜ ਭੜਕੇ ਵਿੱਚ ਛੁਟੀ ਕਿਸੇ ਦੀ ਇਕ ਜੁੱਤੀ ਦੇਖ ਕੇ ਇਕ ਬਾਬੂ ਦੀ ਪਤਨੀ ਨੇ ਬਾਬੂ ਨੂੰ ਕਿਹਾ ਕਿ ਚੰਗਾ ਕੀਤਾ ਉਹ ਪ੍ਰੇਡ ਦੇਖਣ ਨਹੀਂ ਆਏ ਤੇ ਘਰ ਬੈਠੇ ਹੀ ਟੈਲੀਵਿਜ਼ਨ ਰਾਹੀਂ ਸਾਰੀ ਪ੍ਰੇਡ ਦੇਖ ਲਈ ਇਹ ਸੁਣ ਕੇ ਨਾਨੂੰ ਉਨ੍ਹਾਂ ਨੂੰ ਆਪਣੇ ਦਿਲ ਦੀ ਗਲ ਕਹਿੰਦਾ ਹੈ ਕਿ ਮੂਰਤਾ ਦੇਖਣ ਤੇ ਅਸਲੀ ਪ੍ਰੇਡ ਦੇਖਣ ਵਿੱਚ ਬਹੁਤ ਫਰਕ ਹੈ।

ਦੂਰੋਂ ਆਉਂਦੇ ਇਕ ਮੋਟਰ ਸਾਈਕਲ ਸਵਾਰ ਨੂੰ ਦੇਖ ਕੇ ਸਾਰੇ ਕੰਮ ਲਗ ਜਾਂਦੇ ਹਨ ਜਦੋਂ ਉਹ ਇਨ੍ਹਾਂ ਨੂੰ ਕੰਮ ਲਗੇ ਦੇਖ ਚਲਾ ਜਾਂਦਾ ਹੈ ਤਾਂ ਫੇਰ ਆਪਸੀ ਗਲਾਬਾਤਾਂ ਸ਼ੁਰੂ ਹੋ ਜਾਂਦੀਆਂ ਹਨ ਕਿ ਰਾਜਿਆ ਮਹਾਰਾਜਿਆ ਤੇ ਨੇਤਾਵਾਂ ਦਾ ਸੁਆਗਤ ਇਸੇ ਕਰਕੇ ਵੱਧ ਹੋਇਆ ਕਿਉਂਕਿ ਸਾਡਾ ਦੇਸ ਪ੍ਰਾਹੁਣਚਾਰੀ ਲਈ ਮਸ਼ਹੂਰ ਹੈ ਅਤੇ ਅਜਿਹੇ ਮੌਕਿਆਂ ਤੇ ਸਾਡੇ ਦੇਸ਼ ਵਾਲੇ ਪਰਵਾਹ ਨਹੀਂ ਕਰਦੇ। ਜੇ ਅਸੀਂ ਇੰਗਲੈਂਡ ਦੀ ਮਲਕਾ ਦਾ ਆਦਰ ਮਾਣ ਕਰਾਂਗੇ ਤਾਂ ਸਮਝੋ ਕਰੋੜਾਂ ਬੰਦਿਆਂ ਦਾ ਆਦਰ ਹੋਵੇਗਾ ਤੇ ਸਾਡੇ ਮੁਲਕ ਦੇ ਸੰਬੰਧ ਵੀ ਚੰਗੇ ਬਣਨਗੇ। ਵੱਡਿਆ ਦਾ ਆਦਰ ਕਰਨ ਵਾਲਾ ਹੀ ਵੱਡਾ ਸਮਝਿਆ ਜਾਂਦਾ ਹੈ। ਅਖੀਰ ਵਿਚ ਝੰਡੂ ਵਲੋ ਇਹ ਕਹਿਣਾ ਕਿ ''ਫਿਰ ਤੇ ਹਮਾਤੜ ਵੀ ਵੱਡਿਆ ਵਿਚ ਹੋ ਗਏ। ਮਲਕਾ ਦੇ ਆਦਰ ਲਈ ਕੁਝ ਨਾ ਕੁਝ ਤੇ ਅਸਾਂ ਵੀ ਕੀਤਾ ਏ ਨਾ'' ਆਪਣੇ ਤਥਾਕਥਿਤ ਵਡੱਪਣ ਦੀ ਹਕੀਕਤ ਨੂੰ ਸਮਝਦਿਆਂ ਆਪਣਾ ਹੀ ਮਜ਼ਾਕ ਉਡਾ ਕੇ ਇਹ ਪ੍ਰਭਾਵ ਦੇਣਾ ਹੈ ਕਿ ਆਪਣੇ ਵੱਡਪਣ ਦੇ ਖੋਖਲੇਪਨ ਦਾ ਉਨ੍ਹਾਂ ਨੂੰ ਭਲੀਭਾਂਤ ਅਨੁਭਵ ਹੈ।

ਕਹਾਣੀਕਾਰ ਇਸ ਕਹਾਣੀ ਵਿਚ ਇਹ ਦਸਣਾ ਚਾਹੁੰਦਾ ਹੈ ਕਿ ਤੀਬਰ ਇੱਛਾ ਹੋਣ ਦੇ ਬਾਵਜੂਦ ਵੀ ਕਾਮੇ 26 ਜਨਵਰੀ ਦੇ ਜਸ਼ਨ ਨੂੰ ਵੇਖ ਤੇ ਮਾਣ ਨਹੀਂ ਸਕੇ ਜਦ ਕਿ ਇਸ ਜ਼ਸਨ ਲਈ ਪੰਡਾਲ ਤਿਆਰ ਕਰਨ, ਸਫਾਈ ਕਰਨ ਤੇ ਹੋਰ ਸਜਾਵਟ ਕਰਨ ਲਈ ਇਹ ਕਾਮਾ ਧਿਰ 25 ਜਨਵਰੀ ਦੀ ਰਾਤ ਤਕ ਇਸ ਇਲਾਕੇ ਦੀ ਮਾਲਕ ਸੀ ਪਰ 26 ਜਨਵਰੀ ਨੂੰ ਉਨ੍ਹਾਂ ਕੋਲੋ ਇਹ ਮਾਲਕੀ ਖੁਸ ਗਈ ਅਤੇ 27 ਜਨਵਰੀ ਵਾਲੇ ਦਿਨ ਉਹ ਫਿਰ ਉਸ ਥਾਂ ਦੇ ਮਾਲਕ ਹਨ। ਇਨ੍ਹਾਂ ਜਸ਼ਨਾ ਵਿਚ ਉਨ੍ਹਾਂ ਨੂੰ ਸ਼ਾਮਲ ਨਾ ਹੋਣ ਦੀ ਆਗਿਆ ਨਾ ਹੋਣ ਕਰਕੇ ਉਨ੍ਹਾਂ ਦੇ ਮਨ ਅੰਦਰ ਇਕ ਰੜਕ, ਪੀੜਾ, ਰੰਜਸ ਅਤੇ ਹੀਣ ਸਥਿਤੀ ਦੇ ਭਾਵ ਹਨ ਲੇਖਕ ਨੂੰ ਕਾਮਿਆ ਦੀ ਇਸ ਹਾਲਤ ਦਾ ਦੁੱਖ ਹੈ ਅਤੇ ਉਹ ਉਨ੍ਹਾਂ ਦੀ ਹਾਲਤ ਸੁਧਰੀ ਹੋਈ ਦੇਖਣਾ ਲੋਚਦਾ ਹੈ।

### 1.1.3.1.3 ਆਲੋਚਨਾਤਮਕ ਪਰਖ:

ਗੁਰਮੁਖ ਸਿੰਘ ਮੁਸਾਫਿਰ ਨੇ ਇਸ ਕਹਾਣੀ ਵਿਚ ਦੇਸ਼ ਉੱਤੇ ਰਾਜ ਕਰ ਰਹੀ ਹਾਕਮ-ਜਮਾਤ ਅਤੇ ਆਮ ਕਾਮਾ ਸ਼੍ਰੇਣੀ ਦੇ ਅੰਤਰ-ਸੰਬੰਧਾਂ ਦੀ ਅਸਲੀਅਤ ਨੂੰ ਉਘਾੜਨ ਦੀ ਕੋਸ਼ਿਸ਼ ਕੀਤੀ ਹੈ ਅਸਲ ਵਿੱਚ ਇਹ 26 ਜਨਵਰੀ 'ਰਿਪਬਲਿਕ ਡੇ' ਵਜੋਂ ਹਰ ਸਾਲ ਮਨਾਏ ਜਾਂਦੇ ਜਸ਼ਨਾ ਬਾਰੇ ਇਕ ਆਲੋਚਨਾਤਮਕ ਟਿਪਣੀ ਹੈ।

ਝੰਡੂ ਦਾ ਠੰਢ ਵਿਚ ਠੁਰ-ਠੁਰ ਕੰਬਦਾ ਅਤੇ ਕੰਮ ਕਰਦਾ ਕੁੱਬਾ; ਕਮਜ਼ੋਰ ਤੇ ਬੁੱਢਾ ਸਰੀਰ ਜੋ ਕੜਕਦੀ ਸਰਦੀ ਵਿਚ ਇਕ ਰਜਾਈ ਦੀ ਲੋੜ ਮਹਿਸੂਸ ਕਰਦਾ ਹੈ ਅਤੇ ਉਸ ਦੇ ਪੈਰਾਂ ਵਿਚ ਪਈ ਟੁੱਟੀ-ਭੱਜੀ ਜੁੱਤੀ ਲੰਗਾਰ ਲਾਥੇ ਪਾਟੇ ਪਜਾਮੇ ਨੂੰ ਮਾਰੀਆ ਗੰਢਾ ਅਤੇ ਉਸ ਦੀ ਮੈਲੀ ਖਲ ਵਰਗੀ ਟੋਪੀ ਦਲਿਤ ਤੇ ਨੀਵੇਂ ਵਰਗ ਦੀ ਪ੍ਰਤੀਨਿਧ ਹਕੀਕਤ ਨੂੰ ਬਿਆਨ ਕਰਦੀ ਹੈ। ਕਹਾਣੀਕਾਰ ਉਨ੍ਹਾ ਦੇ ਦੁੱਖ ਸੁੱਖ ਵਿਚ ਸ਼ਾਮਲ ਹੁੰਦਾ ਹੈ ਅਤੇ ਉਨ੍ਹਾਂ ਦੀ ਹਾਲਤ ਸੁਧਰੀ ਹੋਈ ਵੀ ਦੇਖਣਾ ਚਾਹੁੰਦਾ ਹੈ ਪਰ ਉਹ ਆਪਣੀ ਵਿਸ਼ੇਸ਼ ਰਾਜਨੀਤਕ ਸੋਚ ਦੇ ਦਾਇਰੇ ਵਿਚ ਰਹਿੰਦਾ ਹੈ ਇਸ ਸਥਿਤੀ ਨੂੰ ਜਿਉਂ ਦਾ ਤਿਉਂ ਸਵੀਕਾਰ ਕਰ ਲੈਣ ਦੀ ਦਲੀਲ ਵੀ ਦਿੰਦਾ ਹੈ। ਇਹੋ ਕਾਰਨ ਹੈ ਕਿ ਉਹ ਨਾਨੂੰ ਦੇ ਮਾਧਿਅਮ ਰਾਹੀ ਜਦੋਂ ਇਹ ਆਖਦਾ ਹੈ ''ਜੇ ਕੋਈ ਰਾਜ ਮਜ਼ਦੂਰ ਕਿਸੇ ਦਾ ਮਕਾਨ ਬਣਾਵੇ ਤਾਂ ਉਸ ਵਿਚ ਉਸਦਾ ਰਹਿਣ ਦਾ ਹੱਕ ਨਹੀਂ ਮੰਨਿਆ ਜਾ ਸਕਦਾ'' ਜਾਂ ''ਸਾਂਝੇ ਦੇਸ ਲਈ ਕੀਤੀ ਮਿਹਨਤ ਦੇਸ-ਸੇਵਾ ਹੀ ਸਮਝੀ ਜਾਣੀ ਚਾਹੀਦੀ ਹੈ'' ਅਤੇ ਝੰਡੂ ਨੂੰ ਦਿਲ ਨਾਲ ਨਹੀਂ ਲਾ ਲੈਣਾ ਚਾਹੀਦਾ ਕਿ ਉਨ੍ਹਾਂ ਨੂੰ ਰਿਪਬਲਿਕ ਡੇ ਦੇ ਜਸ਼ਨਾ ਦੇ ਨੇੜੇ ਨਹੀਂ ਜਾਣ ਦਿੱਤਾ ਗਿਆ।'' ਬੇਸ਼ਕ ਲੇਖਕ ਮਲਕਾ ਦੇ ਸਵਾਗਤ ਨੂੰ ਭਾਰਤੀ ਸਭਿਅਤਾ ਦੇ ਪ੍ਰਾਹੁਣਚਾਰੀ ਦੇ ਮਾਣਯੋਗ ਮੁਲ ਨਾਲ ਵੀ ਜੋੜਦਾ ਹੈ ਫੇਰ ਵੀ ਦਲਿਤ ਵਰਗ ਦੇ ਇਨ੍ਹਾਂ ਪਾਤਰਾਂ ਦੇ ਨਿਮਨ ਲਿਖਤ ਬੋਝਾਂ ਵਿਚਲਾ ਵਿਅੰਗ ਇਕ ਅਸਲੋ ਵੱਖਰੀ ਹਕੀਕਤ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਨਿਮਨ ਵਰਗ ਵਲੋਂ ਆਪਣੀ ਸਥਿਤੀ ਨੂੰ ਨਾ ਬਦਲਣ ਵਾਲੀ ਸੋਚ ਦਾ ਪ੍ਰਗਟਾਵਾ ਕਰਦਾ ਹੈ। ਜਿਵੇਂ ਕਿ ਨਾਨੂੰ ਵਲੋਂ ਝੰਡੂ ਲਈ ਵਰਤੇ ਗਏ ਸ਼ਬਦ ''ਦਿਲ ਨਾਲ ਲਾ ਲਈ ਤਾਂ ਕਿਹੜਾ ਉਸ ਕਿਲਾ

ਢਾਹ ਲੈਣਾ ਏ।'' ਲੇਖਕ ਦੀ ਵਾਰਤਾਲਾਪੀ ਵਿਅੰਗ ਸਿਰਜਣ ਦੀ ਜੁਗਤ ਨਿਮਨ-ਵਰਗ ਦੀ ਸੋਚ ਨੂੰ ਹਕੀਕੀ ਰੂਪ ਵਿਚ ਪ੍ਰਤਿਬਿੰਬਤ ਕਰਨ ਵਿਚ ਕਾਮਯਾਬ ਰਹਿੰਦੀ ਹੈ।

ਕਹਾਣੀ ਦਾ ਸਿਰਲੇਖ ਢੁਕਵਾਂ ਹੈ ਉਸਨੇ ਆਪਣੀ ਗਲ ਕਹਿਣ ਲਈ 27 ਜਨਵਰੀ ਵਾਲੇ ਦਿਨ ਦੀ ਚੋਣ ਕੀਤੀ ਹੈ ਕਿਉਂਕਿ ਉਹ ਇਨ੍ਹਾਂ ਕਾਮਿਆਂ ਅਤੇ ਮਜ਼ਦੂਰਾਂ ਦੀ ਧਿਰ ਬਣਕੇ ਸਾਡੀ ਆਜ਼ਾਦੀ ਅਤੇ ਲੋਕ ਰਾਜ ਤੇ ਕੁਝ ਸਵਾਲ ਉਠਾਉਂਦਾ ਨਜ਼ਰ ਆਉਦਾ ਹੈ ਕਿ ਗਣਤੰਤਰ ਦਿਵਸ ਇਸ ਹਕੀਕਤ ਨੂੰ ਜਤਾਏ ਜਾਣ ਲਈ ਮਨਾਇਆ ਜਾਂਦਾ ਹੈ ਕਿ ਸਾਡਾ ਇਹ ਰਾਜ ਲੋਕਾਂ ਦਾ ਰਾਜ ਹੈ ਫਿਰ ਵੀ ਹਾਕਮ ਧਿਰ ਤੇ ਕਾਮਾ ਧਿਰ ਵਿਚ ਅੰਤਰ ਕਿਉ ਹੈ? ਕੀ ਨਿਮਨ ਵਰਗ ਦੀ ਜਿੰਮੇਵਾਰੀ ਸਿਰਫ ਮਿਹਨਤ ਮਜ਼ਦੂਰੀ ਕਰਕੇ ਆਪਣੇ ਦੇਸ਼ ਵੀ ਉੱਨਤੀ ਵਿਚ ਹਿੱਸਾ ਪਾਉਣ ਦੀ ਹੀ ਹੈ? ਕੀ ਇਸ ਉੱਨਤੀ ਨਾਲ ਹੋਈਆਂ ਪ੍ਰਾਪਤੀਆਂ ਵਿਚ ਉਨ੍ਹਾਂ ਦਾ ਆਪਣਾ ਕੋਈ ਹਿੱਸਾ ਨਹੀਂ ਹੋਣਾ ਚਾਹੀਦਾ।

ਇਸ ਕਹਾਣੀ ਵਿਚ ਸੰਜਮ ਤੇ ਪ੍ਰਭਾਵ ਦੀ ਏਕਤਾ ਦੇ ਗੁਣ ਸਾਫ ਨਜ਼ਰ ਆਉਂਦੇ ਹਨ। ਕਾਮਿਆ ਤੇ ਬਾਬੂਆਂ ਦਾ ਮੁਕਾਬਲਾ ਕਰਨ ਲਈ ਉਹ ਮੁਹਾਵਰਿਆਂ ਦੀ ਵਰਤੋਂ ਵੀ ਕਰਦਾ ਹੈ ਜਿਵੇਂ ਕਿ ''ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ।'' ਉਸ ਦੀ ਭਾਸ਼ਾ ਸਾਦੀ ਹੈ। ਨਾਨੂੰ ਦੁਆਰਾ ਬਿਆਨਿਆ 26 ਜਨਵਰੀ ਦਾ ਦ੍ਰਿਸ਼ ਸਾਡੀਆਂ ਅੱਖਾਂ ਸਾਹਮਣੇ ਚੰਗੀ ਤਸਵੀਰ ਕਸ਼ੀ ਕਰਦਾ ਹੈ। ਕੁਝ ਮਾਮੂਲੀ ਤਕਨੀਕੀ ਨੁਕਸਾਂ ਦੇ ਬਾਵਜੂਦ ਮੁਸਾਫਿਰ ਦੀਆਂ ਕਹਾਣੀਆਂ ਆਧੁਨਿਕ ਕਹਾਣੀ ਦੀ ਜੁਗਤ ਦੇ ਬਹੁਤ ਨੇੜੇ ਵਿਚਰਦੀਆਂ ਹਨ।

## 1.1.3.2 ਮੁੜ ਵਿਧਵਾ

### 1.1.3.2.1 ਕਹਾਣੀਕਾਰ ਨਾਲ ਜਾਣ-ਪਛਾਣ:

''ਮੁੜ ਵਿਧਵਾ'' ਕਹਾਣੀ ਸੰਤ ਸਿੰਘ ਸੇਖੋਂ (1908-1997) ਦੀ ਲਿਖੀ ਹੋਈ ਹੈ ਜੋ ਕਿ ਉਸ ਦੇ ਕਹਾਣੀ ਸੰਗ੍ਰਹਿ 'ਸਮਾਚਾਰ' ਵਿਚੋਂ ਲਈ ਗਈ ਹੈ।

ਉਸ ਦਾ ਜਨਮ ਚੱਕ ਨੰਬਰ 70 ਜ਼ਿਲਾ ਲਾਇਲਪੁਰ ਵਿਚ ਸ੍. ਹੁਕਮ ਸਿੰਘ ਦੇ ਘਰ ਹੋਇਆ। ਸੰਤ ਸਿੰਘ ਸੇਖੋਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਕ ਵਿਲੱਖਣ ਹਸਤਾਖ਼ਰ ਹੈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸੰਤ ਸਿੰਘ ਸੇਖੋਂ ਨੇ ਸਿਰਜਣਾਤਮਕ ਅਤੇ ਆਲੋਚਨਾਤਮਕ ਦੋਹਾਂ ਖੇਤਰਾਂ ਵਿਚ ਬਰਾਬਰ ਦਾ ਯੋਗਦਾਨ ਪਾਇਆ ਹੈ। ਉਸ ਨੇ ਸਾਹਿਤ ਦੇ ਬਹੁਤ ਸਾਰੇ ਰੂਪਾਕਾਰਾਂ ਨਾਵਲ, ਕਹਾਣੀ, ਕਵਿਤਾ, ਨਾਟਕ ਅਤੇ ਸਵੈ-ਜੀਵਨੀ ਆਦਿ ਵਿੱਚ ਸਫਲਤਾ ਨਾਲ ਰਚਨਾ ਕੀਤੀ ਹੈ। ਇਸ ਤੋਂ ਬਿਨਾਂ ਅਨੁਵਾਦ ਦੇ ਖੇ ਤਰ ਵਿੱਚ ਵੀ ਉਸ ਦੀ ਵਿਸ਼ੇਸ਼ ਦੇਣ ਹੈ। ਸੰਤ ਸਿੰਘ ਸੇਖੋਂ ਦੀਆਂ ਸਾਰੀਆਂ ਕਿਰਤਾਂ ਦਾ ਵੇਰਵਾ ਦੇਣਾ ਇਥੇ ਮੁਸ਼ਕਲ ਹੈ। ਉਸ ਨੇ ਕਹਾਣੀ ਲਿਖਣ ਦਾ ਕੰਮ 1936 ਵਿਚ ਸ਼ੁਰੂ ਕੀਤਾ ਅਤੇ ਪਹਿਲੀਆਂ ਕਹਾਣੀਆਂ ਨਾਲ ਹੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇਕ ਮੀਲ ਪੱਥਰ ਵਜੋ ਸਥਾਪਿਤ ਹੋਇਆ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ: ਸਮਾਚਾਰ, ਕਾਮੇ ਤੇ ਯੋਧੇ, ਅੱਧੀ ਵਾਟ, ਤੀਜਾ ਪਹਿਰ, ਸਿਆਣਪਾਂ ਆਦਿ। ਉਸ ਨੂੰ 'ਪੰਜਾਬੀ ਸਾਹਿਤ ਦਾ ਬਾਬਾ ਬੋਹੜ ਵੀ ਕਿਹਾ ਜਾਂਦਾ ਹੈ।

### 1.1.3.2.2 ਕਹਾਣੀ ਦਾ ਸਾਰ:

ਇਸ ਸਾਰੀ ਕਹਾਣੀ ਦਾ ਸੰਬੰਧ ਰੇਲਵੇ ਸਟੇਸ਼ਨ ਤੇ ਗੱਡੀ ਦੇ ਡੱਬੇ ਨਾਲ ਹੈ। ਕਹਾਣੀ ਦਾ ਆਰੰਭ ਬੜਾ ਹੀ ਉਤਸੁਕਤਾ ਭਰਿਆ ਹੈ। ਇਕ ਨੌਜਵਾਨ ਗੱਡੀ ਤੁਰਨ ਦੀ ਉਡੀਕ ਵਿਚ ਪਲੇਟ ਫਾਰਮ ਤੇ ਗੇੜੇ ਕੱਟ ਰਿਹਾ ਹੈ ਤੇ ਪੋਸਟ ਗਰੈਜੂਏਟ ਹੋਣ ਕਰਕੇ ਉਸ ਦੀ ਰੁਚੀ ਵੱਖਰੀ ਹੈ। ਉਹ ਸਫਰ ਕਰਨ ਲਈ ਅਜਿਹੇ ਡੱਬੇ ਵਿਚ ਬੈਠਣ ਲਈ ਉਤਾਵਲਾ ਹੈ ਜਿਥੇ ਕਿਸੇ ਸੋਹਣੀ ਜਿਹੀ ਸਵਾਰੀ ਨਾਲ ਆਪਣਾ ਸਫ਼ਰ ਤੈਅ ਕਰ ਸਕੇ ਪਰ ਉਸ ਨੂੰ ਅਜਿਹੀ ਕੋਈ ਸਵਾਰੀ ਨਜ਼ਰ ਨਹੀਂ ਆਉਂਦੀ ਜਿਸ ਵਿੱਚ ਉਸ ਨੂੰ ਖਿਚਣ ਦੀ ਸਮਰਥਾ ਹੋਵੇ।ਉਹ ਨਿਰਾਸ਼ ਹੁੰਦਾ ਹੈ ਪਰ ਅਚਾਨਕ ਇਕ ਬਜ਼ੁਰਗ ਔਰਤ ਜਿਸ ਦੇ ਨਾਲ ਇਕ ਸੋਹਣੀ ਮੁਟਿਆਰ, ਬੱਚਾ ਚੁੱਕੀ ਪਲੇਟ ਫਾਰਮ ਤੇ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਦੇਖ ਕੇ

ਨੌਜਵਾਨ ਪ੍ਰਸੰਨ ਹੋ ਜਾਂਦਾ ਹੈ।

ਗੱਡੀ ਚਲਦੀ ਹੈ ਤਾਂ ਨੌਜਵਾਨ ਉਨ੍ਹਾਂ ਨਾਲ ਡੱਬੇ ਵਿੱਚ ਬੈਠ ਕੇ ਉਸ ਮੁਟਿਆਰ ਨੂੰ ਆਪਣੇ ਵਲ ਆਕਰਸ਼ਿਤ ਕਰਨ ਦਾ ਯਤਨ ਕਰਦਾ ਹੈ। ਮੁਟਿਆਰ ਡੱਬੇ ਤੋਂ ਬਾਹਰ ਰੁੱਖਾਂ, ਖੇਤਾਂ, ਪੈਲੀਆਂ ਤੇ ਤਾਰਾਂ ਦੇ ਖੰਭਿਆ ਵਲ ਦੇਖਦੀ ਹੈ, ਜੋ ਉਸ ਦੀਆਂ ਅੱਖਾਂ ਅਗੋ ਲੰਘਦੇ ਜਾਂਦੇ ਹਨ। ਨੌਜਵਾਨ ਚੋਰੀ ਚੋਰੀ ਮੁਟਿਆਰ ਵਲ ਦੇਖਦਾ ਹੈ ਤੇ ਉਹ ਇਸ ਤੱਕਣੀ ਤੋ ਸ਼ਰਮਾਉਦੀ ਹੈ। ਉਹ ਵਾਕਫੀਅਤ ਵਧਾਉਣ ਲਈ ਬੱਚੇ ਨੂੰ ਚੁੱਕ ਕੇ ਪਿਆਰ ਕਰਦਾ ਤੇ ਖਿਡਾਉਂਦਾ ਹੈ ਤਾਂ ਉਸਦੀ ਮਾਤਾ ਕਾਫੀ ਪ੍ਰਸੰਨ ਨਜ਼ਰ ਆਉਂਦੀ ਹੈ।

ਮੁਟਿਆਰ ਵਲ ਦੇਖ ਕੇ ਨੌਜਵਾਨ ਅਨੁਮਾਨ ਲਾਉਂਦਾ ਹੈ ਕਿ ਇਸ ਦਾ ਵਿਆਹੁਤਾ ਜੀਵਨ ਦੁਖਦਾਈ ਹੈ ਜਾਂ ਇਹ ਹੁਣੇ ਜਿਹੇ ਹੀ ਵਿਧਵਾ ਹੋਈ ਹੈ ਤੇ ਇਹ ਬੱਚਾ ਹੀ ਉਸ ਦਾ ਇਕੋ ਇਕ ਸਹਾਰਾ ਹੈ। ਨੌਜਵਾਨ ਨੂੰ ਮਾਈ ਦੀਆਂ ਗੱਲਾਂ ਤੋ ਉਨ੍ਹਾਂ ਦੇ ਅਟਾਰੀ ਜਾਣ ਦਾ ਤੇ ਮੁਟਿਆਰ ਦੇ ਵਿਧਵਾ ਹੋਣ ਦਾ ਪਤਾ ਲਗਦਾ ਹੈ ਤੇ ਨੌਜਵਾਨ ਉਸ ਨਾਲ ਆਪਣੀ ਪੜ੍ਹਾਈ ਬਾਰੇ ਗੱਲਾ ਕਰਦਾ ਹੈ ਪਰ ਗੱਲਾਂ ਕਰਦੇ ਦਾ ਧਿਆਨ ਉਸ ਮੁਟਿਆਰ ਵਲ ਹੀ ਰਹਿੰਦਾ ਤੇ ਮੁਟਿਆਰ ਪ੍ਰਤੀ ਉਸ ਦੇ ਦਿਲ ਵਿਚ ਹਮਰਦਦੀ ਪੈਦਾ ਹੋ ਜਾਂਦੀ ਹੈ। ਮਾਈ ਹੋਰ ਸਵਾਰੀਆਂ ਨਾਲ ਗਲਾ ਕਰਦੀ ਕਰਦੀ ਥੱਕ ਕੇ ਲੰਮੀ ਪੈ ਜਾਂਦੀ ਹੈ ਤੇ ਨੌਜਵਾਨ ਉਸ ਮੁਟਿਆਰ ਦੇ ਕਾਫੀ ਨੇੜੇ ਹੋ ਜਾਂਦਾ ਹੈ ਤੇ ਮੁਟਿਆਰ ਕੁਝ ਸਮੇਂ ਲਈ ਆਪਣੇ ਪਤੀ ਦੀ ਮੌਤ ਦਾ ਸੰਤਾਪ ਭੁੱਲ ਕੇ ਉਸ ਨੌਜਵਾਨ ਵਲ ਖਿੱਚੀ ਜਾਂਦੀ ਹੈ। ਮੌਕਾ ਪੈਣ ਤੇ ਨੌਜਵਾਨ ਉਸ ਦਾ ਹੱਥ ਫੜ ਕੇ ਪਿਆਰ ਜ਼ਾਹਿਰ ਕਰਦਾ ਹੈ ਤੈ ਉਹ ਕੁੜੀ ਪ੍ਰਸੰਨ ਹੁੰਦੀ ਹੈ ਅਤੇ ਆਪਣੇ ਕਲਪਨਾ ਦੇ ਸੰਸਾਰ ਵਿਚ ਗੁੰਮ ਹੋ ਜਾਂਦੀ ਹੈ। ਪਰ ਇਹ ਸਭ ਵਕਤੀ ਜਿਹਾ ਉਬਾਲ ਹੈ ਕਿਉਂ ਕਿ ਆਪਣਾ ਸਟੇਸ਼ਨ ਆਉਂਦਿਆਂ ਹੀ ਨੌਜਵਾਨ ਉਤਰ ਕੇ ਤੁਰ ਜਾਂਦਾ ਹੈ ਤਾਂ ਉਹ ਮੁਟਿਆਰ ਜੋ ਆਪਣੇ ਆਪ ਨੂੰ ਸੁਹਾਗਵੰਤੀ ਸਮਝ ਰਹੀ ਸੀ, ਮੁੜ ਵਿਧਵਾ ਹੋ ਗਈ ਮਹਿਸੂਸ ਕਰਦੀ ਹੈ।

'ਮੁੜ ਵਿਧਵਾ' ਕਹਾਣੀ ਔਰਤ ਮਰਦ ਦੇ ਆਪਸੀ ਸਹਿਜ ਰਿਸ਼ਤੇ ਨੂੰ ਬਹੁਤ ਸੂਖਮ ਢੰਗ ਨਾਲ ਪੇਸ਼ ਕਰਦੀ ਹੈ ਕਿ ਇਸ ਰਿਸ਼ਤੇ ਦੀ ਕਿੰਨੀ ਮਹੱਤਤਾ ਹੈ। ਔਰਤ-ਮਰਦ ਇਕ ਦੂਜੇ ਬਿਨਾਂ ਅਧੂਰੇ ਹਨ। ਇਸ ਕਹਾਣੀ ਦਾ ਕੇਂਦਰੀ ਭਾਵ ਹੈ-ਜਵਾਨੀ ਵਿਚ ਵਿਧਵਾ ਹੋਈਆ ਮੁਟਿਆਰਾਂ ਦੀਆਂ ਅਧੂਰੀਆਂ ਰਹਿ ਗਈਆਂ ਸੱਧਰਾਂ ਤੇ ਜੀਵਨ ਵਿਚ ਪਏ ਪਤੀ ਦੇ ਘਾਟੇ ਕਾਰਨ ਆਈ ਉਦਾਸੀ ਨੂੰ ਦਰਸਾਉਣਾ। ਪ੍ਰੋ. ਸੰਤ ਸਿੰਘ ਸੇਖੋ ਇਸ ਕਹਾਣੀ ਦੁਆਰਾ ਵਿਧਵਾ ਇਸਤਰੀਆਂ ਨਾਲ ਹਮਦਰਦੀ ਪ੍ਰਗਟਾਉਣ ਨੂੰ ਇਸ ਕਹਾਣੀ ਦਾ ਮਨੋਰਥ ਦਸਦਾ ਹੈ। ਜਵਾਨੀ ਵਿੱਚ ਜਦੋਂ ਵਿਧਵਾ ਨੂੰ ਰੰਡੇਪਾ ਕੱਟਣਾ ਪੈਂਦਾ ਹੈ ਤਾਂ ਉਸ ਲਈ ਮੁਸੀਬਤਾਂ ਦਾ ਹੜ ਆ ਜਾਂਦਾ ਹੈ। ਕਈ ਵਾਰ ਇਸ ਕਹਾਣੀ ਵਿਚ ਆਏ ਨੌਜਵਾਨ ਜਿਹੇ ਲੋਕ ਉਨ੍ਹਾਂ ਵਿਚਾਰੀਆਂ ਲਈ ਦੁੱਖ ਦਾ ਕਾਰਨ ਬਣਦੇ ਹਨ ਜਾਂ ਸਿਰਫ਼ ਵਕਤ ਲੰਘਾਉਣ ਲਈ ਆਪਣੇ ਵੱਲ ਆਕਰਸ਼ਿਤ ਕਰਨਾ ਚਾਹੁੰਦੇ ਹਨ ਪਰ ਵਿਚਾਰੀਆਂ ਲਈ ਬਦਨਾਮੀ ਦਾ ਕਾਰਨ ਬਣਦੇ ਹਨ। ਕਈ ਵਾਰ ਭੋਲੀਆਂ ਵਿਧਵਾਵਾਂ ਉਨ੍ਹਾਂ ਦੇ ਪ੍ਰਗਟਾਏ ਪਿਆਰ ਨੂੰ ਸੱਚ ਹੀ ਮੰਨ ਲੈਂਦੀਆਂ ਹਨ ਜਿਵੇਂ ਇਸ ਕਹਾਣੀ ਦੀ ਨਾਇਕਾ ਨੌਜਵਾਨ ਦੇ ਨੇੜੇ ਹੋ ਕੇ ਆਪਣੇ ਆਪ ਨੂੰ ਸੁਹਾਗਵੰਤੀ ਸਮਝਣ ਲਗ ਪੈਂਦੀ ਹੈ। ਪਰ ਇਹ ਖੁਸ਼ੀ ਦੇ ਕੁਝ ਪਲ ਵਿਧਵਾ ਜੀਵਨ ਵਿਚ ਦੁੱਖ ਭਰਕੇ ਖਤਮ ਹੋ ਜਾਂਦੇ ਹਨ ਕਿਉਂਕਿ ਜਦੋਂ ਉਹ ਯਥਾਰਥ ਦੇ ਧਰਾਤਲ ਤੇ ਆਉਂਦੀ ਹੈ ਤਾਂ ਉਸ ਦਾ ਦੁੱਖਮਈ ਸੰਸਾਰ ਹੀ ਉਸ ਦਾ ਸਾਥੀ ਰਹਿ ਜਾਂਦਾ ਹੈ ਤੇ ਜੇਕਰ ਕੋਈ ਆਸ ਦੀ ਕਿਰਨ ਹੈ ਤਾਂ ਉਹ ਹੈ ਉਸ ਦਾ ਬੱਚਾ।

### 1.1.3.2.3 ਆਲੋਚਨਾਤਮਕ ਪਰਖ:

ਸੰਤ ਸਿੰਘ ਸੇਖੋਂ ਵਿਸ਼ੇ ਪਖੋਂ ਇਕ ਨਵੀ ਗੱਲ ਇਹ ਅੱਗੇ ਲਿਆਉਂਦਾ ਹੈ ਕਿ 'ਮੁੜ ਵਿਧਵਾ' ਦੇ ਮੁਟਿਆਰ ਤੇ ਗਭਰੂ ਆਪਣੀ ਪਿਆਰ ਭਾਵਨਾ ਨੂੰ ਅੰਦਰ ਘੁੱਟ ਕੇ ਨਹੀਂ ਰਖਦੇ। ਸਾਧਾਰਣ ਮਨੁੱਖ ਦੀ ਸਾਧਾਰਣਤਾ ਸਹਿਤ ਪੇਸ਼ਕਾਰੀ ਕਰਨਾ ਸੇਖੋਂ ਦੀ ਕਹਾਣੀ ਦਾ ਲੱਛਣ ਹੈ।

ਕਹਾਣੀਕਾਰ ਨੇ ਮਨੁੱਖੀ ਮਨ ਦੀਆਂ ਸੂਖਮ ਤੈਹਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਸਮੇਂ ਸਾਡੇ ਸਮਾਜ ਵਿਚ ਵਿਧਵਾ ਵਿਆਹ ਦੀ ਆਗਿਆ ਨਹੀਂ ਸੀ। ਜਵਾਨ ਉਮਰੇ ਵਿਧਵਾ ਹੋ ਗਈ ਔਰਤ ਨੂੰ ਆਪਣਾ ਸਾਰਾ ਜੀਵਨ ਅਤ੍ਰਿਪਤੀ ਦੀ ਅੱਗ ਵਿਚ ਸੜਦਿਆਂ ਗੁਜਾਰਨਾ ਪੈਂਦਾ ਸੀ। ਕਹਾਣੀ ਇਕ ਹੋਰ ਮਨੋਵਿਗਿਆਨਕ ਸੱਚ ਨੂੰ ਪੇਸ਼ ਕਰਦੀ ਹੈ ਕਿ ਮਨੁੱਖ ਕੇਵਲ ਸਾਲਾਂ ਵਿਚ ਹੀ ਨਹੀਂ ਜਿਉਂਦਾ ਸਗੋਂ ਘੜੀਆਂ ਪਲਾਂ ਵਿਚ ਵੀ ਜਿਉਂਦਾ ਹੈ ਤੇ ਕਹਾਣੀਕਾਰ ਵਰਤਮਾਨ ਵਿਚ ਜਿਉਣ ਤੇ ਉਸਨੂੰ ਮਾਨਣ ਦਾ ਸੁਨੇਹਾ ਵੀ ਦਿੰਦਾ ਹੈ।

ਇਸ ਕਹਾਣੀ ਦਾ ਸਿਰਲੇਖ ਬਹੁਤ ਹੀ ਢੁਕਵਾਂ ਹੈ ਕਿਉਂਕਿ ਇਹ ਕਹਾਣੀ ਵਿਧਵਾ ਮੁਟਿਆਰ ਨੂੰ ਕੇਂਦਰ ਬਣਾ ਕੇ ਲਿਖੀ ਗਈ ਹੈ ਜੋ ਦੁੱਖਮਈ ਜੀਵਨ ਬਤੀਤ ਕਰ ਰਹੀ ਹੁੰਦੀ ਹੈ ਉਸ ਦੇ ਜੀਵਨ ਵਿਚ ਪਲਾਂ ਲਈ ਇਕ ਅਣਜਾਣ ਨੌਜਵਾਨ ਆਉਂਦਾ ਹੈ ਜਿਸ ਨਾਲ ਮਨ ਪਰਚਾ ਕੇ ਉਹ ਆਪਣੇ ਆਪ ਨੂੰ ਸੁਹਾਗਣ ਮਹਿਸੂਸ ਕਰਦੀ ਹੈ ਪਰ ਜਦੋਂ ਉਹ ਚਲਾ ਜਾਂਦਾ ਹੈ ਤਾਂ ਉਹ ਵਿਧਵਾ ਹੋਈ ਉਦਾਸ ਹੋ ਜਾਂਦੀ ਹੈ।

ਕਹਾਣੀ ਵਿਚ ਉਤਸੁਕਤਾ, ਰੋਚਕਤਾ, ਚੁਸਤੀ ਤੇ ਨਾਟਕੀਅਤਾ ਬਣੀ ਰਹਿੰਦੀ ਹੈ। ਮੁੱਖ ਰੂਪ ਵਿਚ ਠੇਠ ਪੰਜਾਬੀ ਹੀ ਹੈ; ਭਾਵੇਂ ਇਸ ਵਿਚ ਮਲਵਈ ਉਪਭਾਸ਼ਾ ਦਾ ਰੰਗ ਵੀ ਹੈ। ਵਾਰਤਾਲਾਪ ਤੇ ਬੋਲੀ ਅਜਿਹੀ ਵਰਤੀ ਗਈ ਹੈ ਕਿ ਪਾਤਰਾਂ ਦੇ ਸੁਭਾਅ ਦਾ ਚਿਤਰਣ ਵਧੀਆ ਢੰਗ ਨਾਲ ਹੋ ਜਾਂਦਾ ਹੈ ਪਾਤਰਾਂ ਦੀ ਗਲਬਾਤ ਵਿਚ ਉਨ੍ਹਾਂ ਅਨੁਕੂਲ ਵਰਤੀ ਜਾਣ ਵਾਲੀ ਬੋਲੀ ਹੀ ਅਪਣਾਈ ਗਈ ਹੈ। ਬੁੱਢੀ ਸਿੱਧੀ ਸਾਦੀ, ਰਹਿਮਦਿਲ ਤੇ ਗਲਾਕੜ ਸੀ ਉਹਦਾ ਜਵਾਈ ਚਾਰ ਸਾਲ ਲਾਹੌਰ ਪੜ ਕੇ ਸੌ ਰੁਪਏ ਮਹੀਨਾ ਕਮਾਉਂਦਾ ਸੀ ਤੇ ਨੌਜਵਾਨ ਦੇ ਛੇ ਸਾਲ ਲਾਹੌਰ ਪੜ੍ਹਨ ਬਾਰੇ ਸੁਣ ਕੇ ਉਹ ਕਹਿੰਦੀ ਹੈ,

'ਤਦ ਤੇ ਤੂੰ ਕੋਈ ਵਡਾ ਅਫਸਰ ਬਣੇਗਾ'

ਸੋ ਕਲਾਪੱਖ ਤੋ ਇਹ ਇਕ ਸਫਲ ਕਹਾਣੀ ਹੈ।

### 1.1.3.3 ਪਠਾਣ ਦੀ ਧੀ

#### 1.1.3.3.1 ਕਹਾਣੀਕਾਰ ਨਾਲ ਜਾਣ-ਪਛਾਣ:

'ਪਠਾਣ ਦੀ ਧੀ' ਸੁਜਾਨ ਸਿੰਘ (1909-1993) ਦੀ ਰਚਨਾ ਹੈ। ਉਸ ਦਾ ਜਨਮ ਡੇਰਾ ਬਾਬਾ ਨਾਨਕ, ਜ਼ਿਲਾ ਗੁਰਦਾਸਪਰ ਵਿਖੇ ਸਰਦਾਰ ਹਾਕਮ ਸਿੰਘ ਦੇ ਘਰ ਹੋਇਆ। ਐਮ. ਏ ਪੰਜਾਬੀ ਕਰਨ ਤੋਂ ਬਾਦ ਉਸ ਨੇ ਸਕੂਲ ਦੇ ਅਧਿਆਪਕ ਵਜੋਂ ਸੇਵਾ ਸ਼ੁਰੂ ਕੀਤੀ। ਆਰਥਿਕ ਤੰਗੀ ਵਾਲੇ ਜੀਵਨ ਨੂੰ ਬਦਲਣ ਦੀ ਖਾਹਿਸ ਨੇ ਉਸ ਨੂੰ ਮਾਰਕਸਵਾਦ ਦੇ ਅਧਿਐਨ ਵਲ ਮੋੜਿਆ ਅਤੇ ਛੇਤੀ ਹੀ ਉਹ ਸਾਹਿਤ ਦੇ ਪ੍ਰਗਤੀਵਾਦੀ ਦਿਸ਼ਟੀਕੋਣ ਦਾ ਧਾਰਨੀ ਬਣ ਗਿਆ। ਉਸਨੇ ਅੰਗ੍ਰੇਜ਼ੀ, ਉਰਦੂ ਤੇ ਬੰਗਾਲੀ ਭਾਸ਼ਾਵਾਂ ਵਿਚ ਵੀ ਮੁਹਾਰਤ ਹਾਸਲ ਕੀਤੀ।

ਸੁਜਾਨ ਸਿੰਘ ਪੰਜਾਬੀ ਦੇ ਮੋਢੀ ਕਹਾਣੀਕਾਰਾਂ ਵਿਚੋਂ ਇਕ ਹੈ। ਉਹਦੇ ਹੱਥਾਂ ਵਿਚ ਪੰਜਾਬੀ ਕਹਾਣੀ ਲੋਕ ਕਹਾਣੀ ਦਾ ਰੂਪ ਤਿਆਗ ਕੇ ਕਲਾਤਮਕ ਨਿੱਕੀ ਕਹਾਣੀ ਦੀ ਨੁਹਾਰ ਗ੍ਰਹਿਣ ਕਰਦੀ ਹੈ। ਵਿਚਾਰਧਾਰਕ ਰੂਪ ਵਿਚ ਉਸ ਦੀ ਰਚਨਾ ਵਿਚੋਂ ਇਕ ਵਿਕਾਸ ਮਿਲਦਾ ਹੈ ਉਸ ਦੀ ਹਰੇਕ ਕਹਾਣੀ ਵਿਚ ਕੋਈ ਸਿਧਾਂਤ ਹੁੰਦਾ ਹੈ। ਸੁਜਾਨ ਸਿੰਘ ਦੇ ਵਿਚਾਰ ਅਨੁਸਾਰ ਅਮਲ (Action) ਤੋਂ ਬਿਨਾਂ ਕੋਈ ਕਹਾਣੀ, ਕਹਾਣੀ ਨਹੀਂ ਹੁੰਦੀ। ਉਸ ਦੀਆਂ ਕਹਾਣੀਆਂ ਵਿਚ ਸਿਰਫ ਹੰਢੀ ਹੰਢਾਈ ਗਰੀਬੀ ਦਾ ਪ੍ਰਮਾਣਿਕ ਬਿਆਨ ਹੀ ਨਹੀਂ ਹੁੰਦਾ; ਸਗੋਂ ਗਰੀਬੀ ਪਿਛੇ ਕੰਮ ਕਰ ਰਹੇ ਪ੍ਰੇਰਕਾਂ ਵਲ ਸੰਕੇਤ ਵੀ ਹੁੰਦਾ ਹੈ। ਉਸ ਦੀਆਂ ਕਹਾਣੀਆ ਲਾਹਨਤ ਭਰੇ ਜੀਵਨ ਪ੍ਰਤੀ ਨਫ਼ਰਤ ਦੇ ਭਾਵ ਪੈਦਾ ਕਰਕੇ ਇਸ ਨੂੰ ਬਦਲਣ ਦੀ ਪ੍ਰੇਰਨਾ ਵੀ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਕਈ ਵਾਰ ਉਸ ਤੇ ਪ੍ਰਚਾਰਕ ਹੋਣ ਦਾ ਦੋਸ਼ ਵੀ ਲਗਦਾ ਹੈ ਸੁਜਾਨ ਸਿੰਘ ਦੀਆਂ ਕਹਾਣੀਆ ਦਾ ਪਿਛੋਕੜ ਉਸ ਦਾ ਆਪਣਾ ਜੀਵਨ ਅਤੇ ਉਸ ਦੇ ਸਮਕਾਲੀ ਸਮਾਜਿਕ ਜੀਵਨ

ਨਾਲ ਉਸ ਦਾ ਅਮਲੀ ਅਨੁਭਵ ਤੇ ਸਾਂਝ ਹੈ।

ਸੁਜਾਨ ਸਿੰਘ ਦੇ ਕਹਾਣੀ ਸੰਗ੍ਰਹਿ ਹਨਃ ਦੁੱਖ-ਸੁੱਖ, ਸਭ ਰੰਗ, ਨਰਕਾਂ ਦੇ ਦੇਵਤੇ, ਨਵਾਂ ਰੰਗ, ਡੇਢ ਆਦਮੀ, ਮਨੁੱਖ ਤੇ ਪਸ਼ੂ, ਸਵਾਲ ਜਵਾਬ, ਪੱਤਣ ਤੇ ਸਰਾਂ, ਸੱਤ ਸੁਰਾਂ।'ਸ਼ਹਿਰ ਤੇ ਗ੍ਰਾਂ' ਆਖਰੀ ਕਹਾਣੀ ਸੰਗ੍ਰਹਿ ਨੂੰ 1986 ਵਿਚ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ।

### 1.1.3.3.2 ਕਹਾਣੀ ਦਾ ਸਾਰ

ਸੁਜਾਨ ਸਿੰਘ ਇਸ ਕਹਾਣੀ ਰਾਹੀਂ ਦਸਣਾ ਚਾਹੁੰਦਾ ਹੈ ਕਿ ਬੱਚੇ ਕੇਵਲ ਪਿਆਰ ਦੇ ਭੁੱਖੇ ਹੁੰਦੇ ਹਨ। ਮਾਂ ਪਿਓ ਜਨਮ-ਦਾਤਾ ਜਰੂਰ ਹਨ ਪਰ ਉਹ ਕਈ ਵਾਰੀ ਆਪਣੇ ਸਾਰਿਆਂ ਬੱਚਿਆਂ ਨੂੰ ਇੱਕੋ ਜਿਹਾ ਪਿਆਰ ਦੇਣ ਤੋਂ ਅਸਮਰੱਥ ਹੁੰਦੇ ਹਨ।

ਸੁਜਾਨ ਸਿੰਘ ਇਸ ਕਹਾਣੀ ਵਿਚ ਆਰਥਿਕ ਥੁੜਾਂ ਦੇ ਮਾਰੇ, ਨਿਮਨ ਵਰਗ ਦੇ ਲੋਕਾਂ ਦੇ ਜੀਵਨ ਗਲਪ ਬਿੰਬ ਨੂੰ ਵੀ ਸਿਰਜਦਾ ਹੈ। ਉਹ ਸਭ ਚੀਜ਼ਾ ਤੋਂ ਪਾਸੇ ਜਾ ਕੇ ਇਕ ਮਨੋ-ਵਿਗਿਆਨੀ ਦੀ ਬਾਰੀਕ ਨਜ਼ਰ ਨਾਲ ਗਫੂਰ ਪਠਾਣ ਤੇ ਛੋਟੀ ਬੱਚੀ ਦੀ ਸਥਿਤੀ ਅਤੇ ਮਾਨਸਿਕਤਾ ਨੂੰ ਸਮਝਣ ਅਤੇ ਪੇਸ਼ ਕਰਨ ਵਿਚ ਸਫਲ ਹੋਇਆ ਹੈ।

ਆਮ ਪਠਾਣਾ ਵਾਂਗ ਗਫੂਰ ਪਠਾਣ ਨੂੰ ਵੀ ਇਸ ਕਹਾਣੀ ਵਿਚ ਬੱਚੇ ਚੁੱਕਣ ਵਾਲਾ, ਵੱਧ ਵਿਆਜ ਲੈਣ ਵਾਲਾ ਹਿੰਗਜੀਰਾ ਵੇਚਣ ਵਾਲਾ, ਤੇ ਸਖ਼ਤ ਸੁਭਾਅ ਦਾ ਵਿਅਕਤੀ ਸਮਝਿਆ ਜਾਂਦਾ ਸੀ। ਆਲੇ ਦੁਆਲੇ ਰਹਿੰਦੇ ਵੱਡੇ ਛੋਟੇ ਵੱਖ-ਵੱਖ ਪ੍ਰਾਤਾਂ ਦੇ ਲੋਕ ਉਸ ਤੋਂ ਡਰਦੇ ਸਨ। ਜਦੋਂ ਵੀ ਉਹ ਆਪਣੇ ਘਰ ਆਉਂਦਾ ਸਾਰੇ ਬੱਚੇ 'ਕਾਬਲੀ ਵਾਲਾ', 'ਕਾਬਲੀ ਵਾਲਾ' ਕਹਿ ਕੇ ਡਰਦੇ ਭਜ ਜਾਂਦੇ ਪਰ ਗਫੂਰ ਦੇ ਸਾਹਮਣੇ ਰਹਿੰਦੇ ਇਕ ਸਿੱਖ ਪਰਿਵਾਰ ਦੇ ਦੋਨੇ ਬੱਚੇ ਅਜਮੇਰ ਤੇ ਵੀਰੋ ਬੇਖੌਫ ਹੋ ਕੇ ਉਸ ਦੇ ਖੁਲ੍ਹੇ ਡੁੱਲੇ ਕਪੜੇ ਤੇ ਥੈਲੇ ਵਲ ਦੇਖਦੇ ਰਹਿੰਦੇ। ਗਫੂਰ ਦੇ ਪੁਛਣ ਤੇ ਜਦੋਂ ਉਸਨੂੰ ਪਤਾ ਲਗਿਆ ਕਿ ਉਹ ਦੋਨੋਂ ਬੱਚੇ ਉਸ ਤੋਂ ਨਹੀਂ ਡਰਦੇ ਤਾਂ ਉਹ ਗੋਦੀ ਚੁੱਕ ਕੇ ਅਜਮੇਰ ਨੂੰ ਪਿਆਰ ਕਰਨ ਲਗ ਪਿਆ ਤੇ ਉਸ ਦੀ ਛੋਟੀ ਭੈਣ ਵੀਰੋ ਵੀ ਉਸ ਨਾਲ ਘੁਲ ਮਿਲ ਗਈ। ਗਫੂਰ ਨਾਲ ਖੇਡਦੇ ਦੇਖ ਉਨ੍ਹਾਂ ਦੀ ਮਾਂ ਤੇਜੋ ਉਨ੍ਹਾਂ ਨੂੰ ਡਾਟ ਕੇ ਅੰਦਰ ਲੈ ਗਈ। ਅਜਮੇਰ ਦੇ ਰੋਣ ਦੀ ਆਵਾਜ਼ ਕਿੰਨੀ ਦੇਰ ਗਫੂਰ ਨੂੰ ਸੁਣਦੀ ਰਹੀ। ਜਦੋਂ ਅਜਮੇਰ ਦਾ ਪਿਤਾ ਘਰ ਆਇਆ ਤਾਂ ਤੇਜੋ ਨੇ ਆਉਂਦਿਆਂ ਹੀ ਆਪਣੇ ਮਾਲਕ ਦੇ ਕੰਨ ਭਰ ਦਿੱਤੇ।

ਸਵੇਰ ਹੁੰਦਿਆਂ ਹੀ ਸਰਦਾਰ ਨੇ ਗਫਰੂ ਦੇ ਘਰ ਜਾ ਕੇ ਉਸ ਨੂੰ ਬੱਚਿਆਂ ਨਾਲ ਖੇਡਣ ਤੋਂ ਮਨ੍ਹਾ ਕਰ ਦਿੱਤਾ ਕਿਉਂਕਿ ਗਫੂਰ ਇਕ ਮੁਸਲਮਾਨ ਹੈ ਤੇ ਉਸ ਦਾ ਆਪਦਾ ਸਿੱਖ ਪਰਿਵਾਰ ਹੈ ਪਰ ਗਫੂਰ ਉਸਨੂੰ ਕਹਿੰਦਾ ਹੈ ਕਿਃ

''ਸਿੱਖ ਹੈ ਕਿ ਮੁਸਲਮਾਨ, ਬੱਚਾ ਤੋ ਸੱਭ ਕਾ ਏਕ ਹੈ।'' ਪਰ ਸਰਦਾਰ ਨਹੀਂ ਮੰਨਦਾ, ਉਸ ਨਾਲ ਲੜਨ ਤਕ ਜਾਂਦਾ ਹੈ। ਗਫੂਰ ਉਸਨੂੰ ਆਪਦੇ ਇਕੱਲੇਪਣ ਦਾ ਤੇ ਬੱਚਿਆਂ ਦੇ ਪਿਆਰ ਦਾ ਵਾਸਤਾ ਦਿੰਦਾ ਹੈ ਤੇ ਅਖੀਰ ਸਰਦਾਰ ਨੂੰ ਆਪਣੇ ਬੱਚਿਆਂ ਨੂੰ ਉਸ ਕੋਲ ਆਉਣ ਤੋਂ ਮਨਾ ਕਰਨ ਲਈ ਕਹਿੰਦਾ ਹੈ। ਪਰ ਫੇਰ ਵੀ ਬੱਚੇ ਕਦੇ-ਕਦੇ ਉਸ ਕੋਲ ਚਲੇ ਜਾਂਦੇ ਤੇ ਗਫੂਰ ਬੱਚਿਆ ਨੂੰ ਕੁਝ ਨਾ ਕੁਝ ਖਾਣ ਲਈ ਦਿੰਦਾ।

ਵੀਰੋ ਤੇ ਅਜਮੇਰ ਕੋਲੋਂ ਛੋਟੀ ਤੇ ਕੁਛੜਲੀ ਕੁੜੀ ਕੋਲੋ ਵੱਡੀ, ਤੇਜੋ ਦੀ ਇਕ ਹੋਰ ਧੀ ਸੀ ਜਿਸ ਵਲ ਪਰਿਵਾਰ ਵਲੋਂ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ, ਉਹ ਸਾਰਾ ਦਿਨ ਰੋਂਦੀ ਰਹਿੰਦੀ। ਸਰਦਾਰ ਦੀ ਨੌਕਰੀ ਚਲੀ ਜਾਣ ਤੇ ਤੇਜੋ ਉਸਨੂੰ ਹੋਰ ਕੁਟਦੀ ਤੇ ਆਰਥਿਕ ਤੰਗੀ ਦਾ ਕਾਰਨ ਕੁੜੀ ਦੇ ਰੋਣ ਨੂੰ ਸਮਝਦੀ।

ਇਕ ਦਿਨ ਗਫੂਰ ਨੇ ਸਰਦਾਰ ਨੂੰ ਬੁਲਾ ਕੇ 15 ਰੁਪਏ ਦਿੱਤੇ ਅਤੇ ਉਸਨੂੰ ਸਮਝਾਇਆ ਕਿ ਤੇਰੇ ਵੱਡੇ ਬੱਚੇ ਤੇ ਘਰਵਾਲੀ ਛੋਟੀ ਕੁੜੀ ਨੂੰ ਕੁੱਟਦੇ ਹਨ ਜੋ ਉਸ ਤੋਂ ਸਹਿ ਨਹੀਂ ਹੁੰਦਾ, ਕੁੜੀ ਕਮਜ਼ੋਰ ਹੈ ਮਰ ਜਾਵੇਗੀ। ਪਤੀ ਦੇ ਸਮਝਾਉਣ ਤੇ ਵੀ ਤੇਜੋ ਨਾ ਹਟੀ ਕਿਉਂਕਿ ਉਸ ਦੀ ਆਦਤ ਪੱਕ ਚੁੱਕੀ ਸੀ। ਜਦੋਂ

ਵੀ ਸਰਦਾਰ ਕੁੜੀ ਨੂੰ ਚੁੱਕਦਾ ਤਾਂ ਤੇਜੋ ਬੋਲਦੀ।

'ਵੱਡੀ ਲਾਡਲੀ, ਖਸਮ ਨੂੰ ਖਾਣੀ ਨੂੰ ਚੁੱਕ ਲਿਆ
ਸਾਰੀ ਸਾਰੀ ਦਿਹਾੜੀ ਰੋਂਦੀ ਰਹਿੰਦੀ ਹੈ; ਨਹਿਸ਼।

ਨੌਕਰੀ ਦੁਬਾਰਾ ਲਗਣ ਤੋਂ ਬਾਦ ਜਦੋਂ ਸਰਦਾਰ ਗਫੂਰ ਦੇ ਪੈਸੇ ਵਿਆਜ ਸਮੇਤ ਦੇਣ ਗਿਆ ਤਾਂ ਉਸਨੇ ਪੈਸੇ ਲੈਣ ਤੋਂ ਇਨਕਾਰ ਕਰ ਦਿਤਾ ਤੇ ਵਿਆਜ ਲੈਣ ਨੂੰ ਹਰਾਮ ਬਰਾਬਰ ਕਿਹਾ।

ਇਕ ਦਿਨ ਧੁੱਪ ਵਿਚ ਖੜੀ ਕੁੜੀ ਨੂੰ ਦੇਖ ਕੇ ਗਫੂਰ ਨੇ ਇਸ਼ਾਰੇ ਨਾਲ ਬੁਲਾਇਆ ਤੇ ਫੱਲ ਖਾਣ ਨੂੰ ਦਿੱਤੇ। ਕੁੜੀ ਨੂੰ ਹਾਬੜਿਆਂ ਵਾਂਗ ਫੱਲ ਖਾਂਦਿਆਂ ਦੇਖ ਉਸ ਦਾ ਹਉਕਾ ਨਿਕਲ ਗਿਆ ਤੇ ਕੁੜੀ ਨੂੰ ਬਚਾਉਣ ਲਈ ਉਹ ਉਥੋ ਕੁੜੀ ਨੂੰ ਲੈ ਕੇ ਚਲਾ ਗਿਆ। ਸਾਰੇ ਪਾਸੇ ਕੁੜੀ ਦੇ ਚੁੱਕੇ ਜਾਣ ਦਾ ਰੌਲਾ ਪੈ ਗਿਆ।ਸਰਦਾਰ ਦਾ ਵੀ ਪਠਾਣ ਵੱਲੋਂ ਦਿਲ ਖੱਟਾ ਹੋ ਗਿਆ। ਰਿਪੋਰਟ ਲਿਖਵਾਉਣ ਤੇ ਜਦੋਂ ਗਫੂਰ ਦੇ ਘਰ ਦੀ ਤਲਾਸ਼ੀ ਲਈ ਗਈ ਤਾਂ ਪੁਲਿਸ ਵੀ ਘਰ ਵਿਚ ਇੰਨਾ ਰੁਪਇਆ ਤੇ ਬੂਹਾ ਖੁਲ੍ਹਾ ਦੇਖ ਕੇ ਹੈਰਾਨ ਸੀ। ਤੇਜੋ ਰੋ-ਰੋ ਕੇ ਪਠਾਣ ਨੂੰ ਗਾਲ੍ਹਾ ਕੱਢ ਰਹੀਂ ਸੀ।

ਇਕ ਮਹੀਨੇ ਬਾਦ ਜਦੋਂ ਗਫੂਰ ਨੂੰ ਹੱਥਕੜੀਆਂ ਲਾ ਕੇ ਲਿਆਂਦਾ ਗਿਆ ਤਾਂ ਕੁੜੀ ਉਸ ਦੀ ਗੋਦੀ ਵਿਚ ਸੀ ਕੁੜੀ ਸਰੀਰਕ ਤੋਰ ਤੇ ਪਹਿਲਾਂ ਨਾਲੋਂ ਤਕੜੀ ਸੀ ਤੇ ਗਫੂਰ ਕਮਜ਼ੋਰ ।ਗਫੂਰ ਕੁੜੀ ਨੂੰ ਇਸ ਲਈ ਦੂਰ ਲੈ ਜਾਂਦਾ ਹੈ ਕਿ ਸ਼ਾਇਦ ਉਸ ਦੇ ਮਾਂ ਪਿਓ ਦਾ ਮਨ ਪਿਘਲੇ ਤੇ ਉਹ ਕੁੜੀ ਨੂੰ ਨਾ ਮਾਰਨ। ਗਫੂਰ ਵਲੋਂ ਕੁੜੀ ਨੂੰ ਪਿਆਰ ਤੇ ਵਧੀਆਂ ਖਾਣ ਪੀਣ ਨੂੰ ਮਿਲਿਆ। ਜਦੋਂ ਠਾਣੇ ਵਿਚ ਸਰਦਾਰ ਤੇ ਉਸ ਦੀ ਪਤਨੀ ਜਾਂਦੇ ਹਨ ਤਾਂ ਕੁੜੀ ਉਨ੍ਹਾਂ ਵਲ ਮੂੰਹ ਨਹੀਂ ਕਰਦੀ। ਜਦੋਂ ਪੁਲਿਸ ਕੁੜੀ ਨੂੰ ਉਸਦੇ ਪਿਓ ਦੇ ਹਵਾਲੇ ਕਰਨ ਲਗੀ ਤਾਂ ਕੁੜੀ ਨੇ ਉੱਚੀ-ਉਚੀ ਚੀਕਾਂ ਮਾਰੀਆਂ ਤੇ ਗਫੂਰ ਵੀ ਰੋਣ ਲਗਿਆ ਕਿ ਨਾਂ ਦਿਓ, ਕੁੜੀ ਜਾਲਮਾ ਨੂੰ ਇਹ ਮਾਰ ਦੇਣਗੇ, ਮੇਰੀ ਧੀ ਨੂੰ ਇਹ ਜਾਲਮ ...)''

ਉਸ ਦੀ ਗਲ ਸੁਣ ਕੇ ਸਾਰੇ ਹਸਦੇ ਹਰ ਪਰ ਕਿਸੇ ਨੇ ਵੀ ਉਸ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ ਤੇ ਨਾ ਹੀ ਮੱਦਦ ਕੀਤੀ। ਇਹ ਕਹਾਣੀ ਮਾਪਿਆਂ ਨੂੰ ਆਪਣੇ ਬੱਚਿਆਂ ਪ੍ਰਤੀ ਹੋਰ ਸੰਵੇਦਨਸ਼ੀਲ ਹੋਣ ਲਈ ਪ੍ਰੇਰਿਤ ਕਰਦੀ ਹੈ ਜੇ ਮਾਪੇ ਬੱਚਿਆਂ ਨੂੰ ਉਨ੍ਹਾਂ ਦਾ ਬਣਦਾ ਪਿਆਰ ਨਹੀਂ ਦੇਣਗੇ ਤਾਂ ਉਹ ਉਨ੍ਹਾਂ ਦੇ ਮਾਪੇ ਹੋਣ ਦਾ ਅਧਿਕਾਰ ਗਵਾ ਬੈਠਦੇ ਹਨ ਇਹੋ ਕਾਰਨ ਹੈ ਕਿ ਉਹ ਅਣਗੌਲੀ ਛੋਟੀ ਕੁੜੀ ਅਪਾਣੇ ਮਾਪਿਆਂ ਦੀ ਧੀ ਨਾ ਹੋ ਕੇ 'ਪਠਾਣ ਦੀ ਧੀ' ਬਣ ਜਾਂਦੀ ਹੈ।

### 1.1.3.3.3 ਆਲੋਚਨਾਤਮਕ ਪਰਖ:

ਸੁਜਾਨ ਸਿੰਘ ਦੀਆ ਕਹਾਣੀਆਂ ਕਥਾ ਰਸ ਨਾਲ ਭਰਪੂਰ ਹੁੰਦੀਆਂ ਹਨ ਅਤੇ ਅਗੋਂ ਕੀ ਹੋਇਆ ਦੇ ਪ੍ਰਸ਼ਨ ਪਾਠਕ ਦੇ ਮਨ ਵਿਚ ਨਿਰੰਤਰ ਜਗਾਈ ਰਖਦੀਆਂ ਹਨ। ਕਹਾਣੀ ਕਹਿਣ ਦੀ ਸੁਜਾਨ ਸਿੰਘ ਨੂੰ ਚੰਗੀ ਜਾਚ ਹੈ।ਉਹ ਘਟਨਾ ਪ੍ਰਧਾਨ ਪਲਾਟ, ਬਾਹਰਮੁਖੀ ਪਾਤਰ, ਭਾਵੁਕ ਪੱਧਰ ਤੇ ਵਰਣਨ ਕਰਨ ਵਿਚ ਮਾਹਰ ਹੈ। 'ਪਠਾਣ ਦੀ ਧੀ' ਕਹਾਣੀ ਦਾ ਪਲਾਟ ਵੀ ਉਸ ਦੇ ਆਪਣੇ ਘਰ ਦਾ ਅਨੁਭਵ ਹੈ। ਜਦੋਂ ਉਸ ਦੀ ਨੌਕਰੀ ਹਟ ਜਾਣ ਤੇ ਉਸ ਦੀ ਘਰਵਾਲੀ ਇਸ ਦਾ ਕਾਰਨ ਆਪਣੀ ਕੁਝ ਦੇਰ ਪਹਿਲਾਂ ਪੈਦਾ ਹੋਈ ਬੱਚੀ ਨੂੰ ਸਮਝਦੀ ਹੈ ਤੇ ਮਾਰਦੀ ਕੁੱਟਦੀ ਹੈ ਉਸ ਸਮੇਂ ਉਸਨੂੰ ਬੰਗਾਲ ਵਿਚ ਆਪਣੇ ਗੁਆਂਢ ਵਿਚ ਰਹਿੰਦੇ ਪਠਾਣ ਦੀ ਯਾਦ ਆਉਂਦੀ ਹੈ ਜੋ ਬਚਿਆਂ ਨਾਲ ਖੇਡਦਾ ਸੀ ਤੇ ਉਨ੍ਹਾਂ ਨੂੰ ਫੱਲ ਖਾਣ ਨੂੰ ਦਿੰਦਾ ਸੀ।

ਇਸ ਕਹਾਣੀ ਵਿਚ ਲੇਖਕ ਦਸਣਾ ਚਾਹੁੰਦਾ ਹੈ ਕਿ ਜਰੂਰੀ ਨਹੀਂ ਜੋ ਦਿਸਦਾ ਹੈ, ਉਹ ਸੱਚ ਹੋਵੇ। ਚੰਗੇ ਸਾਹਿਤ ਵਾਂਗ ਇਹ ਰਚਨਾ ਵੀ ਦਿੱਖ ਤੇ ਤੱਤ ਦੇ ਇਸ ਭੇਦ ਨੂੰ ਉਜਾਗਰ ਕਰਦੀ ਹੈ ਜਿਵੇਂ ਕਿ ਗਭਰੂ ਪਠਾਣ ਕਹਾਣੀ ਵਿਚਲੇ ਪਾਤਰਾਂ ਲਈ ਨਫ਼ਰਤ ਤੇ ਗੁੱਸੇ ਦਾ ਪਾਤਰ ਹੈ ਪਰ ਪਾਠਕ ਲਈ ਪਿਆਰ ਤੇ ਹਮਦਰਦੀ ਦਾ ਬਾਹਰੋ ਹੋਰਾਂ ਲਈ ਜ਼ਾਲਮ ਦਿਸਣ ਵਾਲਾ ਇੰਨਾ ਨਰਮ ਦਿਲ ਹੈ ਕਿ ਕੁੜੀ ਦੀ

ਤਰਸਯੋਗ ਹਾਲਤ ਦੇਖ ਕੇ ਉਸ ਦੀਆਂ ਅੱਖਾਂ ਵਿਚ ਅਥਰੂ ਆ ਜਾਂਦੇ ਹਨ ਤੇ ਕਹਾਣੀ ਦੇ ਅੰਤ ਉੱਤੇ ਉਸ ਦੇ ਦਿਲੋਂ ਸੱਚੀ ਸੁੱਚੀ ਹੂਕ ਨਿਕਲਦੀ ਹੈ: ''ਨਾ ਦਿਓ ਕੁੜੀ ਜ਼ਾਲਮਾ ਨੂੰ''। ਕਹਾਣੀ ਉੱਤੋਂ ਜਿੰਨੀ ਸਰਲ ਲਗਦੀ ਹੈ ਵਿਚੋਂ ਉਨੀ ਹੀ ਗਹਿਰ ਗੰਭੀਰ ਹੈ ਕਹਾਣੀ ਦਾ ਅੰਤ ਪ੍ਰਭਾਵਸ਼ਾਲੀ ਅਤੇ ਭਾਵਾਂ ਨੂੰ ਹਲੂਣ ਦੇਣ ਵਾਲਾ ਹੈ।

ਕਹਾਣੀ ਦੀ ਵਾਰਤਾਲਾਪ ਚੁਸਤ ਤੇ ਵਿਸ਼ੇ ਨੂੰ ਅੱਗੇ ਤੋਰਦੀ ਹੈ। ਪਠਾਣ ਤੇ ਸਰਦਾਰ ਦੀ ਵਾਰਤਾਲਾਪ ਵਿੱਚ ਹਿੰਦਸਤਾਨੀ ਰੰਗ ਪ੍ਰਧਾਨ ਹੈ ਜੋ ਇਸ ਨੂੰ ਰੋਚਕ ਬਣਾਉਂਦਾ ਹੈ। ਕਹਾਣੀਕਾਰ ਨੇ ਪੰਜਾਬੀ ਦੇ ਨਾਲ ਨਾਲ ਉਰਦੂ ਫਾਰਸੀ, ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ ਜਿਵੇਂ ਕਿ:-ਬੇਖੌਫ਼ ਜ਼ਜ਼ਬਾ, ਰਹਿਮ, ਸ਼ਨਾਖਤ ਤੇ ਸ਼ਾਮਤ ਆਦਿ। ਕਈ ਥਾਂ ਅਖਾਣ ਮੁਹਾਵਰਿਆਂ ਦੀ ਵੀ ਵਰਤੋਂ ਕੀਤੀ ਹੋਈ ਮਿਲਦੀ ਹੈ। ਜਿਵੇਂ ਦਿੱਲ ਖੱਟਾ ਹੋਣਾ, ਦੱਬੇ ਪੈਰੀਂ ਬਾਹਰ ਨਿਕਲਣਾ, ਬਿਟ-ਬਿਟ ਵੇਖਣਾ। ਉਸ ਦੀ ਕਹਾਣੀ ਸ਼ੈਲੀ ਵਿਚ ਸੰਜਮ ਦੀ ਥਾਂ ਬ੍ਰਿਤਾਂਤਿਕ ਪੱਖ ਵਧੇਰੇ ਤੇ ਨਾਟਕੀਅਤਾ ਘਟ ਰੂਪਮਾਨ ਹੈ। ਕਹਾਣੀ ਦਾ ਸਿਰਲੇਖ ਢੁਕਵਾਂ ਹੈ ਕਿ ਮਾਪਿਆਂ ਵਲੋਂ ਅਣਗੌਲੀ ਕੁੜੀ ਛਿੰਦੀ ਨੂੰ ਆਪਣਾ ਸਾਰਾ ਕੁਝ ਛੱਡ ਕੇ ਪਠਾਣ ਦੂਰ ਲੈ ਜਾਂਦਾ ਹੈ। ਕੁੜੀ ਆਪਣੇ ਮਾਪਿਆਂ ਦੀ ਧੀ ਨਾ ਹੋ ਕੇ 'ਪਠਾਣ ਦੀ ਧੀ' ਬਣ ਜਾਂਦੀ ਹੈ।

### 1.1.4 ਸਿੱਟਾ

ਪੁਸਤਕ 'ਕਥਾ ਰੰਗ' ਜੋ ਕਿ ਵਰਿਆਮ ਸੰਧੂ ਅਤੇ ਡਾ.ਬਲਦੇਵ ਸਿੰਘ ਚੀਮਾ ਦੁਆਰਾ ਸੰਪਾਦਕ ਕੀਤੀ ਗਈ ਹੈ। ਇਸ ਵਿਚਲੀਆਂ ਤਿੰਨ ਕਹਾਣੀਆਂ 27 ਜਨਵਰੀ, ਮੁੜ ਵਿਧਵਾ ਅਤੇ ਪਠਾਣ ਦੀ ਧੀ ਦਾ ਸਾਰ ਅਤੇ ਆਲੋਚਨਾਤਮਕ ਅਧਿਐਨ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਇਹਨਾਂ ਕਹਾਣੀਆਂ ਦੇ ਲੇਖਕ ਕ੍ਰਮਵਾਰ ਗੁਰਮੁੱਖ ਸਿੰਘ ਮੁਸਾਫ਼ਿਰ, ਸੰਤ ਸਿੰਘ ਸੇਖੋਂ ਅਤੇ ਸੁਜਾਨ ਸਿੰਘ ਦੁਆਰਾ ਲਿਖੀਆਂ ਗਈਆਂ ਹਨ।

### 1.1.5 ਅਭਿਆਸ ਲਈ ਪ੍ਰਸ਼ਨ

1. ਰਾਸ਼ਟਰੀ, ਮਲਕਾਂ, ਪਰਧਾਨ ਮੰਤਰੀ ਤੇ ਹੋਰ ਨੇਤਾ ਕਿਹੜੇ ਰਾਸ਼ਟਰੀ ਦਿਵਸ ਦੀ ਪ੍ਰੇਡ ਸਲਾਮੀ ਲਈ ਪਹੁੰਚੇ ਸਨ?
2. ਪਾਸ ਕੋਲ ਹੋਣ ਦੇ ਬਾਵਜੂਦ, ਝੰਡੂ ਦਾ ਮੁੰਡਾ ਪ੍ਰੇਡ ਕਿਉ ਨਾ ਦੇਖ ਸਕਿਆ?
3. ਝੰਡੂ ਨਾਲ ਕੀਤੇ ਮੁਢਲੇ ਵਾਰਤਾਲਾਪ ਵਿਚ ਨਾਨੂੰ ਇਕ ਗਲ ਤੇ ਫਖ਼ਰ ਤੇ ਵਡਿਆਈ ਮਹਿਸੂਸ ਕਰਦਾ ਹੈ?
4. ਪ੍ਰੇਡ ਸਥਾਨ ਤੋ ਲਭੀ ਹੋਈ ਸੋਹਣੀ ਰਜਾਈ ਨੂੰ ਲੋੜ ਹੋਣ ਦੇ ਬਾਵਜੂਜ, ਮਜ਼ਦੂਰ ਦੀ ਘਰਵਾਲੀ ਨੇ ਆਪਣੇ ਘਰ ਵਿਚ ਰਖਣਾ ਪ੍ਰਵਾਨ ਕਿਉਂ ਨਾ ਕੀਤਾ।?
5. ਗੁਰਮੁਖ ਸਿੰਘ ਮੁਸਾਫਿਰ ਨੂੰ ਉਸਦੇ ਕਿਹੜੇ ਕਹਾਣੀ ਸੰਗ੍ਰਹਿ ਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ?
6. ਪਲੇਟ ਫਾਰਮ ਤੇ ਆਉਣ ਵਾਲੀਆਂ ਦੋ ਔਰਤਾਂ ਅਤੇ ਛੋਟੇ ਬੱਚੇ ਦੇ ਆਪਸੀ ਰਿਸ਼ਤੇ ਨੂੰ ਬਿਆਨ ਕਰੋ।
7.. ਵਿਧਵਾ ਮੁਟਿਆਰ ਦੇ ਖਾਵੰਦ ਬਾਰੇ ਉਸ ਦੀ ਬੁੱਢੀ ਮਾਂ ਤੋਂ ਕੀ ਜਾਣਕਾਰੀ ਮਿਲਦੀ ਹੈ?
8. ਮੁਟਿਆਰ ਆਪਣੇ ਆਪ ਨੂੰ ਮੁੜ ਵਿਧਵਾ ਹੋ ਗਈ ਕਿਉਂ ਮਹਿਸੂਸ ਕਰਦੀ ਹੈ?
9. ਸੰਤ ਸਿੰਘ ਸੇਖੋ ਦੇ 'ਕਹਾਣੀ ਸੰਗ੍ਰਹਿਆਂ' ਦੇ ਨਾਂ ਲਿਖੋ?

10. ਗਫੂਰ ਪਠਾਣ ਬਾਰੇ ਆਮ ਲੋਕਾਂ ਦੀ ਕੀ ਰਾਏ ਸੀ?
11. ਪਠਾਣ ਕੁੜੀ ਨੂੰ ਲੈ ਕੇ ਕਿਉਂ ਦੌੜ ਜਾਂਦਾ ਹੈ।
12. ਸਿੱਖ ਜਮਾਦਾਰ ਦੇ ਕਿੰਨੇ ਬੱਚੇ ਸਨ ਤੇ ਉਨ੍ਹਾਂ ਦੇ ਨਾਂ ਕੀ ਸਨ।
13. ਪਠਾਣ ਨੇ ਆਪਣੇ ਸੂਦ ਖੋਰ ਹੋਣ ਦਾ ਬਿੰਬ ਕਿਵੇਂ ਤੋੜਿਆ।
14. ਇਸ ਕਹਾਣੀ ਵਿਚ ਮਾਪਿਆਂ ਲਈ ਕੀ ਸੰਦੇਸ਼ ਲੁਕਿਆ ਹੋਇਆ?

## 1.1.6 ਸਹਾਇਕ ਪੁਸਤਕ ਸੂਚੀ

ਕਥਾ ਰੰਗ (ਸੰਪਾ.) – ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਸਿੰਘ ਚੀਮਾ

ਹਿਤਪ੍ਰੀਤ ਕੌਰ – ਸੰਤ ਸਿੰਘ ਸੇਖੋਂ ਦੀ ਕਹਾਣੀ ਚੇਤਨਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2003

ਪਾਠ ਨੰਬਰ : 1.2 ਲੇਖਿਕਾ : ਡਾ. ਹਰਜੋਤ ਕੌਰ

## ਤ੍ਰਿਸ਼ਨਾ, ਭੇਤ ਵਾਲੀ ਗੱਲ ਅਤੇ ਧਰਤੀ ਹੇਠਲਾ ਬੌਲਦ ਕਹਾਣੀਆਂ ਦਾ ਸਾਰ

1.2.1 ਪਾਠ ਦਾ ਉਦੇਸ਼
1.2.2 ਭੂਮਿਕਾ
1.2.3 ਪਾਠ ਦੀ ਰੂਪ ਰੇਖਾ
1.2.3.1 ਤ੍ਰਿਸ਼ਨਾ
1.2.3.1.1 ਕਹਾਣੀਕਾਰ ਨਾਲ ਜਾਣ-ਪਛਾਣ
1.2.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
1.2.3.1.3 ਆਲੋਚਨਾਤਮਕ ਪਰਖ
1.2.3.2 ਭੇਤ ਵਾਲੀ ਗੱਲ
1.2.3.2.1 ਕਹਾਣੀਕਾਰ ਨਾਲ ਜਾਣ-ਪਛਾਣ
1.2.3.2.2 ਕਹਾਣੀ ਦਾ ਸਾਰ
1.2.3.2.3 ਆਲੋਚਨਾਤਮਕ ਪਰਖ
1.2.3.3 ਧਰਤੀ ਹੇਠਲਾ ਬੌਲਦ
1.2.3.3.1 ਕਹਾਣੀਕਾਰ ਨਾਲ ਜਾਣ-ਪਛਾਣ
1.2.3.3.2 ਕਹਾਣੀ ਦਾ ਸਾਰ
1.2.3.3.3 ਆਲੋਚਨਾਤਮਕ ਪਰਖ
1.2.4 ਸਿੱਟਾ
1.2.5 ਅਭਿਆਸ ਲਈ ਪ੍ਰਸ਼ਨ
1.2.6 ਸਹਾਇਕ ਪੁਸਤਕ ਸੂਚੀ

### 1.2.1 ਪਾਠ ਦਾ ਉਦੇਸ਼ :

ਇਸ ਪਾਠ ਦਾ ਮੰਤਵ 'ਕਥਾ ਰੰਗ' ਕਹਾਣੀ ਸੰਗ੍ਰਹਿ ਵਿਚ ਸ਼ਾਮਲ ਕਹਾਣੀਕਾਰ ਕਰਤਾਰ ਸਿੰਘ ਦੁੱਗਲ, ਸੰਤੋਖ ਸਿੰਘ ਧੀਰ, ਅਤੇ ਕੁਲਵੰਤ ਸਿਘ ਵਿਰਕ ਦੀਆਂ ਕਹਾਣੀਆਂ ਬਾਰੇ ਚਰਚਾ ਕਰਨਾ ਹੈ।

### 1.2.2 ਭੂਮਿਕਾ

ਇਸ ਪਾਠ ਵਿਚ 'ਕਥਾ ਰੰਗ' ਦੀਆਂ ਕਹਾਣੀਆਂ ਤ੍ਰਿਸ਼ਨਾ, ਭੇਤ ਵਾਲੀ ਗੱਲ ਅਤੇ ਧਰਤੀ ਹੇਠਲਾ ਬੌਲਦ ਕਹਾਣੀਆਂ ਦਾ ਸਾਰ ਅਤੇ ਆਲੋਚਨਾਤਮਕ ਅਧਿਐਨ ਦਿੱਤਾ ਗਿਆ ਹੈ।

## 1.2.3 ਪਾਠ ਦੀ ਰੂਪ-ਰੇਖਾ

### 1.2.3.1 ਤ੍ਰਿਸ਼ਨਾ

#### 1.2.3.1.1 ਕਹਾਣੀਕਾਰ ਨਾਲ ਜਾਣ-ਪਛਾਣ

'ਤ੍ਰਿਸ਼ਨਾ' ਕਹਾਣੀ ਕਰਤਾਰ ਸਿੰਘ ਦੁੱਗਲ ਦੁਆਰਾ ਲਿਖੀ ਹੋਈ ਹੈ। ਦੁੱਗਲ ਦਾ ਜਨਮ ਪੋਠੋਹਾਰ ਦੇ ਇਲਾਕੇ ਪਿੰਡ ਧਮਿਆਲ ਜ਼ਿਲ੍ਹਾ ਰਾਵਲਪਿੰਡੀ ਵਿੱਚ ਸ. ਜੀਵਨ ਸਿੰਘ ਦੇ ਘਰ ਸੰਨ 1917 ਵਿਚ ਹੋਇਆ। ਅੰਗ੍ਰੇਜ਼ੀ ਦੀ ਐਮ.ਏ. ਕਰਨ ਤੋਂ ਬਾਅਦ ਆਪ ਨੇ ਆਲ ਇੰਡੀਆ ਰੇਡੀਓ ਦੇ ਅਧਿਕਾਰੀ ਤੇ ਫੇਰ ਬਤੌਰ ਡਾਇਰੈਕਟਰ ਸੇਵਾ ਨਿਭਾਈ ਅਤੇ ਰਾਜ ਸਭਾ ਦੇ ਮੈਂਬਰ ਵੀ ਰਹੇ।

ਉਸ ਨੇ ਕਵਿਤਾ, ਕਹਾਣੀ, ਨਾਟਕ ਤੇ ਵਾਰਤਕ ਵਿੱਚ ਬਹੁਤ ਸਾਰੀ ਰਚਨਾ ਕੀਤੀ ਪਰ ਪੰਜਾਬੀ ਕਹਾਣੀ ਨੂੰ ਗਿਣਤੀ ਤੇ ਗੁਣ ਪੱਖੋਂ ਉਸ ਦਾ ਵਿਸ਼ੇਸ਼ ਤੌਰ ਤੇ ਯੋਗਦਾਨ ਹੈ। ਮੋਢੀ ਕਹਾਣੀਕਾਰਾਂ ਵਿੱਚ ਉਸ ਦੀ ਇੱਕ ਵਿਲੱਖਣ ਪਹਿਚਾਣ ਹੈ। ਉਸ ਦੀਆਂ ਕਹਾਣੀਆਂ ਵਿੱਚ ਵਧੇਰੇ ਕਰਕੇ ਮਨੁੱਖ ਦੀਆਂ ਮਾਨਸਿਕ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਉਸ ਨੇ ਔਰਤ ਮਰਦ ਦੀਆਂ ਅਤ੍ਰਿਪਤ ਭਾਵਨਾਵਾਂ ਨੂੰ ਆਧਾਰ ਬਣਾ ਕੇ ਬਹੁਤ ਸਾਰੀਆਂ ਕਹਾਣੀਆਂ ਦੀ ਸਿਰਜਣਾ ਕੀਤੀ। ਉਸ ਨੇ ਬੜੀ ਮਨੋਵਿਗਿਆਨਕ ਸੂਝ ਨਾਲ ਮਨੁੱਖੀ ਵਿਹਾਰ ਪਿਛੇ ਕਾਰਜਸ਼ੀਲ ਪ੍ਰੇਰਕਾਂ ਨੂੰ ਸਮਝਿਆ। ਦੁੱਗਲ ਦੀਆਂ ਬਾਦ ਦੀਆਂ ਕਹਾਣੀਆਂ ਵਿਚ 'ਕਲਾ-ਸਮਾਜ ਲਈ' ਦਾ ਸਿਧਾਂਤ ਅਤੇ ਪ੍ਰਗਤੀਵਾਦੀ ਉਤਸ਼ਾਹ ਨਜ਼ਰ ਆਉਂਦਾ ਹੈ।

ਉਸ ਨੇ ਬਹੁਤ ਸਾਰੇ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੀ ਝੋਲੀ ਪਾਏ ਹਨ : ਸਵੇਰਸਾਰ, ਪਿੱਪਲ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਡੰਗਰ, ਕੱਚਾ ਦੁੱਧ, ਅੱਗ ਖਾਣ ਵਾਲੇ, ਨਵਾਂ ਘਰ, ਨਵਾਂ ਆਦਮੀ, ਲੜਾਈ ਨਹੀਂ, ਫੁੱਲ ਤੋੜਨਾ ਮਨ੍ਹਾ ਹੈ, ਕਰਾਮਾਤ, ਪਾਰੇ ਮੈਰੇ, ਇਕ ਛਿੱਟ ਚਾਨਣ ਦੀ, ਸਭੈ ਸਾਂਝੀਵਾਲ ਸਦਾਇਣ, ਮਾਜ੍ਹਾ ਨਹੀਂ ਮੋਇਆ, ਢੋਇਆ ਹੋਇਆ ਬੂਹਾ, ਇਕਰਾਰਾਂ ਵਾਲੀ ਰਾਤ, ਤਿਰਕਾਲਾਂ ਵੇਲੇ, ਮਿੱਟੀ ਮੁਸਲਮਾਨ ਕੀ ਆਦਿ।

ਆਪ ਦੇ ਕਹਾਣੀ ਸੰਗ੍ਰਹਿ 'ਇਕ ਛਿੱਟ ਚਾਨਣ ਦੀ' ਨੂੰ 1965 ਵਿੱਚ ਸਾਹਿਤ ਅਕਾਦਮੀ ਅਵਾਰਡ ਪ੍ਰਾਪਤ ਹੋਇਆ।

#### 1.2.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਤ੍ਰਿਸ਼ਨਾ' ਕਹਾਣੀ ਅਜ ਦੇ ਬਹੁ-ਚਰਚਿਤ ਮੁੱਦੇ 'ਭਰੂਣ-ਹੱਤਿਆ' ਦੀ ਦੁਖਦਾਇਕ ਘਟਨਾ ਬਾਰੇ ਲਿਖੀ ਗਈ ਹੈ। ਬੇਸ਼ਕ ਮਨੁੱਖ ਬਹੁਤ ਆਧੁਨਿਕ ਹੋ ਗਿਆ ਹੈ ਅਤੇ ਔਰਤ ਦੀ ਆਜ਼ਾਦੀ ਤੇ ਤਰੱਕੀ ਦੀ ਗੱਲ ਵੀ ਬਾਖੂਬੀ ਹੋਈ ਹੈ ਪਰ ਫੇਰ ਵੀ ਇਸ ਸਮਾਜ ਵਿੱਚ ਮਰਦ ਦੀ ਧੌਂਸ ਅਤੇ ਸਰਦਾਰੀ ਦੇ ਹਵਾਲੇ ਨਾਲ ਔਰਤ ਦੀ ਹੀਣਤਾ ਦਾ ਬਿਰਤਾਂਤ ਸਿਰਜਿਆ ਹੈ।

ਕਹਾਣੀ ਦੀ ਮੁੱਖ ਪਾਤਰ ਰਜਨੀ ਪੜ੍ਹੀ ਲਿਖੀ ਹੈ ਅਤੇ ਉਸ ਨੇ ਆਪਣੀ ਮਰਜ਼ੀ ਮੁਤਾਬਕ ਵਿਆਹ ਕਰਾਉਣ ਦੀ ਆਜ਼ਾਦੀ ਵੀ ਹਾਸਲ ਕੀਤੀ, ਪਰ ਇਸ ਸਭ ਕੁਝ ਦੇ ਬਾਵਜੂਦ ਵੀ ਬੱਚਾ ਪੈਦਾ ਕਰਨ ਅਤੇ ਮਾਂ ਬਣਨ ਦੇ ਉਸ ਦੀ ਜ਼ਿੰਦਗੀ ਦੇ ਮਹੱਤਵਪੂਰਨ ਫੈਸਲੇ ਦਾ ਅਧਿਕਾਰ ਉਸ ਦੇ ਆਪਣੇ ਕੋਲ ਨਹੀਂ ਹੈ ਉਸ ਦਾ ਪ੍ਰੇਮੀ-ਪਤੀ ਪਰਤੂਲ ਹੀ ਅਸਲੀ 'ਮੈਜਿਸਟ੍ਰੇਟ' ਹੈ ਜੋ ਰਜਨੀ ਦੀ ਮਾਂ ਬਣਨ ਦੀ ਫਰਿਆਦ ਸੁਣਨ ਤੋਂ ਇਨਕਾਰੀ ਹੈ ਅਤੇ ਬੇਟੇ ਦੀ ਚਾਹਤ ਅਧੀਨ ਆਪਣੀ ਹੋਣ ਵਾਲੀ ਬੱਚੀ ਨੂੰ ਕੁੱਖ ਵਿਚ ਕਤਲ ਕੀਤੇ ਜਾਣ ਦਾ ਫੈਸਲਾ ਸੁਣਾਉਂਦਾ ਹੋਇਆ ਰਜਨੀ ਨੂੰ ਹਸਪਤਾਲ ਜਾਣ ਲਈ ਮਜ਼ਬੂਰ ਕਰ ਦਿੰਦਾ ਹੈ।

ਰਜਨੀ ਅਪ੍ਰੇਸ਼ਨ ਥੀਏਟਰ ਵਿੱਚ ਪਈ ਗਚੋਗਚ ਆਵਾਜ਼ ਵਿੱਚ ਡਾਕਟਰ ਨੂੰ ਆਪਣੇ ਆਪ ਪ੍ਰਤੀ ਨਫਰਤ ਤੇ ਆਪਣੀ ਬੇਟੀ ਪ੍ਰਤੀ ਪਿਆਰ ਜ਼ਾਹਰ ਕਰਦੀ ਹੈ। ਰਜਨੀ ਬੇਹਿਸ ਲੇਟੀ ਆਪਣੀਆਂ ਅੱਖਾਂ ਸਾਹਮਣੇ ਆਪਣੀ ਜ਼ਿੰਦਗੀ ਬਾਰੇ ਸੋਚਦੀ ਹੈ ਕਿ ਉਸ ਦਾ ਪ੍ਰੇਮ ਵਿਆਹ, ਉੱਚੇ ਅਹੁੱਦੇ ਵਾਲਾ ਪਤੀ, ਵੱਡੀ ਕੋਠੀ,

ਮਾਂ ਬਣਨ ਦੀ ਖੁਸ਼ੀ ਵਿਚ ਰਜਨੀ ਦੇ ਧਰਤੀ ਉੱਤੇ ਪੈਰ ਨਹੀਂ ਸੀ ਲਗਦੇ, ਪਰ ਪਰਤੁਲ ਦੇ ਇੰਨੇ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਹਰ ਪਲ ਸਕਰੀਨਿੰਗ ਕਰਵਾਉਣ ਦੀ ਜ਼ਿੱਦ ਅਤੇ ਬੇਟੀ ਸੁਣ ਕੇ ਪਰਤੁਲ ਦਾ ਚਿਹਰਾ ਪੀਲਾ ਪੈਣ ਤੇ ਹਮੇਸ਼ਾ ਚਿੜਿਆ ਰਹਿਣਾ ਆਦਿ ਉਸ ਨੂੰ ਦੁੱਖ ਪਹੁੰਚਾਉਂਦੇ ਹਨ। ਪਰਤੂਲ ਅਜਿਹਾ ਮਰਦ ਹੈ ਜੋ ਔਰਤ ਦੀ ਮੁਹੱਬਤ ਨੂੰ ਵੀ ਆਪਣੇ ਹਿੱਤਾਂ ਲਈ ਵਰਤ ਜਾਂਦਾ ਹੈ। ਰਜਨੀ ਭਾਵੁਕ ਸੋਸ਼ਣ ਦਾ ਸ਼ਿਕਾਰ ਹੋਈ ਆਪਣੀ ਹੋਣ ਵਾਲੀ ਬੱਚੀ ਦਾ ਨਾਂ ਚਾਹੁੰਦੇ ਹੋਏ ਵੀ ਗਰਭਪਾਤ ਕਰਵਾ ਲੈਂਦੀ ਹੈ ਅਤੇ ਜ਼ਿੰਦਗੀ ਭਰ ਲਈ ਬਾਂਝ ਹੋ ਜਾਂਦੀ ਹੈ।

ਕਰਤਾਰ ਸਿੰਘ ਦੁੱਗਲ ਇਕ ਮਨੋਵਿਗਿਆਨੀ ਵਾਂਗ ਮਨੁੱਖੀ ਮਨ ਦੀਆਂ ਪੇਚੀਦਗੀਆਂ ਨੂੰ ਸਮਝਦਾ ਹੈ ਅਤੇ ਉਸ ਦੀ ਯਥਾਰਥਵਾਦੀ ਦ੍ਰਿਸ਼ਟੀ ਰਜਨੀ ਅੰਦਰ ਪਸਰੇ ਮਮਤਾ ਦੇ ਅਤ੍ਰਿਪ ਖਿਲਾਅ ਨੂੰ ਪਛਾਣਦੀ ਹੈ। ਵੱਧ ਪੜ੍ਹੀ ਲਿਖੀ ਹੋਣ ਕਰਕੇ ਉਹ ਸਕੂਲ ਦੀ ਮੁੱਖ ਅਧਿਆਪਕਾਂ ਵਜੋਂ ਕੰਮ ਕਰਨ ਲਗ ਜਾਂਦੀ ਹੈ। ਇਕ ਦਿਨ ਮਾਤਾ-ਪਿਤਾ ਵਲੋਂ ਪਿਆਰੀ ਬੱਚੀ ਦਾ ਨਾਂ ਬਹੁਤਾ ਵਧੀਆ ਨਾ ਹੋਣ ਕਰਕੇ ਉਹ ਦਾਖਲੇ ਸਮੇਂ ਉਸ ਬੱਚੀ ਦਾ ਨਾਂ ਬਦਲਣ ਦੀ ਸਲਾਹ ਦਿੰਦੀ ਹੈ ਕਿਉਂਕਿ ਸਕੂਲ ਦੇ ਰਜਿਸਟਰ ਵਿਚ ਦਰਜ ਨਾਂ ਸਾਰੀ ਉਮਰ ਚਲਦਾ ਹੈ। ਮੁੱਖ ਅਧਿਆਪਕਾ ਦੀ ਗਲ ਸੁਣ ਕੇ ਮਾਤਾ-ਪਿਤਾ ਸੋਚੀ ਪੈ ਗਏ ਤੇ ਉਨ੍ਹਾਂ ਨੂੰ ਜਦੋਂ ਕੋਈ ਨਾ ਨਹੀਂ ਸੁਝਿਆ ਤਾਂ ਉਨ੍ਹਾਂ ਨੇ ਰਜਨੀ ਤੋਂ ਉਸ ਦੀ ਬੱਚੀ ਦਾ ਨਾਂ ਪੁਛਿਆ ਤਾਂ ਰਜਨੀ ਨੇ ਅਭੜਵਾਹੇ ਜਵਾਬ ਦਿੱਤਾ, ''ਤ੍ਰਿਸ਼ਨਾ। ਮੇਰੀ ਬੱਚੀ ਦਾ ਤ੍ਰਿਸ਼ਨਾਂ ਏ''। ਬੱਚੀ ਦੇ ਮਾਤਾ-ਪਿਤਾ ਨੇ ਵੀ ਆਪਣੀ ਬੱਚੀ ਦਾ ਦਾਖਲਾ 'ਤ੍ਰਿਸ਼ਨਾ' ਨਾਂ ਹੇਠ ਹੀ ਦਰਜ ਕਰਵਾ ਦਿੱਤਾ।

ਇਸ ਤਰ੍ਹਾਂ ਬਹੁਤ ਸਾਰੇ ਮਾਪਿਆਂ ਨੂੰ ਰਜਨੀ ਨੇ ਬੱਚੀਆਂ ਦਾ ਨਾਂ ਬਦਲਣ ਦੀ ਸਲਾਹ ਦਿੱਤੀ ਤੇ ਸਕੂਲ ਵਿਚ ਬਹੁਤ ਸਾਰੀਆਂ ਕੁੜੀਆਂ ਦਾ ਨਾਂ ਤ੍ਰਿਸ਼ਨਾ ਹੋ ਗਿਆ। ਚੋਹੀਂ ਪਾਸੀਂ ਤ੍ਰਿਸ਼ਨਾ ਹੀ ਤ੍ਰਿਸ਼ਨਾ ਹੁੰਦੀ ਰਹਿੰਦੀ; ਰਜਨੀ ਮੈਡਮ ਦੀਆਂ ਬੇਟੀਆਂ।

ਇਸ ਤਰ੍ਹਾਂ ਰਜਨੀ ਆਪਣੀ 'ਗਵਾਈ ਧੀ' ਦੇ ਚਿਹਰੇ ਨੂੰ ਸਕੂਲ ਦੀਆਂ ਕੁੜੀਆਂ ਵਿਚੋਂ ਲੱਭਣ ਦਾ ਯਤਨ ਕਰਦੀ। ਆਪਣੀ ਮਮਤਾ ਦੇ ਤੀਬਰ ਜ਼ਜਬੇ ਦੀ ਤ੍ਰਿਪਤੀ ਲਈ ਉਸ ਦਾ ਇਹ ਯਤਨ ਉਸ ਦੇ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ ਵਿਚ ਸਹਾਈ ਵੀ ਹੁੰਦਾ ਹੈ। ਰਜਨੀ ਆਪਣੇ ਅਤ੍ਰਿਪਤ ਖਿਲਾਅ ਨੂੰ 'ਤ੍ਰਿਸ਼ਨਾ' ਪੁਕਾਰ ਕੇ ਮਾਨਸਿਕ ਸਕੂਨ ਮਹਿਸੂਸ ਕਰਦੀ ਹੈ।

### 1.2.3.1.2 ਆਲੋਚਨਾਤਮਕ ਪਰਖ :

ਕਰਤਾਰ ਸਿੰਘ ਦੁੱਗਲ ਦੀ ਵਿਸ਼ੇਸ਼ਤਾ ਇਹ ਹੈ ਕਿ ਕਹਾਣੀ ਬਝਵੇਂ ਪ੍ਰਭਾਵ ਕਾਰਨ ਪਾਠਕਾਂ ਨੂੰ ਝੰਜੋੜਨ ਵਾਲੀ ਅਤੇ ਨਾਟਕੀ ਕਿਸਮ ਦੀ ਹੈ। ਕਹਾਣੀ ਦਾ ਉਦੇਸ਼ ਬਹੁਤ ਵਧੀਆ ਹੈ ਜੋ ਮਨੁੱਖ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦਾ ਹੈ ਕਿ ਕਿਸ ਤਰ੍ਹਾਂ ਰਜਨੀ ਦੀ ਮਮਤਾ ਦਾ ਅਤ੍ਰਿਪਤ ਜਜਬਾ ਉਸ ਦੇ ਲਈ ਉਮਰ ਭਰ ਲਈ ਸੰਤਾਪ ਪੀੜ੍ਹਾ ਤੇ ਪਛਤਾਵੇ ਦਾ ਕਾਰਨ ਬਣਦਾ ਹੈ।

ਇਸੀ ਤਰ੍ਹਾਂ ਕਹਾਣੀ ਦਾ ਸਿਰਲੇਖ ਵੀ ਬਹੁਤ ਢੁਕਵਾਂ ਹੈ। ਕਹਾਣੀ ਦਾ ਨਾਂ 'ਤ੍ਰਿਸ਼ਨਾ' ਵੀ ਅਤ੍ਰਿਪਤੀ ਅਤੇ ਮਮਤਾ ਦੀ ਅਣਬੁਝੀ ਪਿਆਸ ਦਾ ਹੀ ਸੂਚਕ ਹੈ। ਹਸਪਤਾਲ ਤੋਂ ਆ ਕੇ ਰਜਨੀ ਫੁੱਟ ਫੁੱਟ ਰੋਈ ਸੀ ਤੇ ਕੁਰਲਾ ਉੱਠੀ ਸੀ : 'ਮੇਰੀ ਬੱਚੀ', 'ਮੇਰੀ ਤ੍ਰਿਸ਼ਨਾ'।

ਪਾਤਰ ਉਸਾਰੀ ਕਮਾਲ ਦੀ ਹੈ ਰਜਨੀ ਨੇ ਜਿਸ ਦਿਨ ਆਪਣੀ ਸਫਾਈ ਕਰਵਾਈ ਸੀ ਉਸ ਦਿਨ ਉਹ ਹਰ ਸਾਲ ਪਾਠ ਕਰਾਉਂਦੀ, ਬੱਚਿਆਂ ਨੂੰ ਮਠਿਆਈਆਂ ਵੰਡਦੀ ਤੇ ਸਾਰਾ ਦਿਨ ਉਦਾਸ ਰਹਿੰਦੀ। ਪਰ ਪਰਤੂਲ ਰਜਨੀ ਦਾ ਪ੍ਰੇਮੀ-ਪਤੀ ਹੋਣ ਦੇ ਬਾਵਜੂਦ ਵੀ ਆਪਣੀ ਪਤਨੀ ਦੇ ਅੰਦਰਲੇ ਜ਼ਜ਼ਬਿਆਂ ਨੂੰ ਨਹੀਂ ਸਮਝ ਸਕਦਾ। ਗਰਭਪਾਤ ਕਰਵਾ ਕੇ ਆਈ ਪਤਨੀ ਦੀ ਜਖ਼ਮੀ ਮਾਨਸਿਕਤਾ ਅਤੇ ਉਸ ਨੂੰ ਧੀਰਜ ਦੇਣ ਦੀ ਲੋੜ ਨੂੰ ਅਸਲੋਂ ਅਣਗੌਲਿਆਂ ਕਰਕੇ ਜਦੋਂ ਉਹ ਕਲੱਬ ਚਲਾ ਜਾਂਦਾ ਹੈ ਤਾਂ ਉਹ ਜਜਬਿਆਂ ਤੋਂ ਸਖਣਾ ਵਿਅਕਤੀ ਹੀ ਲਗਦਾ ਹੈ। ਜਿਹੜੀ ਘਟਨਾ ਰਜਨੀ ਦੀ ਜ਼ਿੰਦਗੀ ਵਿਚ ਸਭ ਤੋਂ ਵੱਧ ਦੁਖਦਾਇਕ ਹੈ, ਉਹ ਪਰਤੂਲ ਵਾਸਤੇ ਇਕ ਸਾਧਾਰਣ ਗੱਲ ਨਜ਼ਰ ਆਉਂਦੀ ਹੈ। ਪਰਤੂਲ ਦਾ ਮੈਜਿਸਟ੍ਰੇ

ਟ ਹੋਣਾ ਅਤੇ ਉਸ ਨੂੰ 'ਇਨਸਾਫ ਦਾ ਰਖਵਾਲਾ' ਆਖ ਕੇ ਲੇਖਕ ਵਿਅੰਗ ਦੀ ਤੇਜ਼ ਧਾਰ ਨਾਲ ਸਮਾਜ ਦੀਆਂ ਗਲਤ ਕੀਮਤਾਂ ਨੂੰ ਨਿਸ਼ਾਨਾ ਬਣਾਉਣ ਦਾ ਹੁਨਰ ਵੀ ਬਾਖੂਬੀ ਨਿਭਾਉਂਦਾ ਹੈ।

ਸਾਰੇ ਪਾਤਰਾਂ ਦੀ ਭਾਸ਼ਾ ਉਨ੍ਹਾਂ ਅਨੁਸਾਰ ਢੁਕਵੀਂ ਹੈ।

ਭਾਸ਼ਾ ਵਿਚ ਕਾਫ਼ੀ ਇੰਗਲਿਸ਼ ਦੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ ਜਿਵੇਂ ਥੀਏਟਰ, ਸਪੈਕੂਲਮ, ਵੈਕਯੂਮ, ਅਪ੍ਰੇਸ਼ਨ, ਵੇਲਫੇਅਰ ਸੈਂਟਰ ਆਦਿ।

ਆਧੁਨਿਕ ਨਿੱਕੀ ਕਹਾਣੀ ਦੇ ਤਕਨੀਕ ਪੱਖੋਂ ਇਹ ਬਹੁਤ ਸਫ਼ਲ ਤੇ ਕਲਾਤਮਕ ਕਹਾਣੀ ਹੈ।

### 1.2.3.2 ਭੇਤ ਵਾਲੀ ਗਲ

#### 1.2.3.2.1 ਕਹਾਣੀਕਾਰ ਨਾਲ ਜਾਣ-ਪਛਾਣ

'ਭੇਤ ਵਾਲੀ ਗਲ' ਕਹਾਣੀ ਸੰਤੋਖ ਸਿੰਘ ਧੀਰ ਦੀ ਲਿਖੀ ਹੋਈ ਹੈ। ਧੀਰ ਦਾ ਜਨਮ ਬਸੀ ਪਠਾਣਾ, ਜਿਲ੍ਹਾ ਲੁਧਿਆਣਾ ਵਿਖੇ ਸ. ਈਸ਼ਰ ਸਿੰਘ ਦੇ ਘਰ ਸੰਨ 1920 ਵਿਚ ਹੋਇਆ। ਧੀਰ ਦੇ ਪਿਤਾ ਵੀ ਕਵੀ ਸਨ। ਆਪ ਨੇ ਕਵਿਤਾ, ਕਹਾਣੀ ਤੇ ਨਾਵਲ ਲਿਖੇ। ਕੁਝ ਦੇਰ ਸਕੂਲ ਵਿਚ ਪੜ੍ਹਾਉਣ ਤੋਂ ਬਾਦ ਆਪ ਨੇ ਬਹੁਤ ਸਮਾਂ ਲੇਖਣ ਨੂੰ ਹੀ ਸਮਰਪਿਤ ਕੀਤਾ।

ਉਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਵਜੋਂ ਵੀ ਕੰਮ ਕੀਤਾ। ਉਹ ਸਾਧਾਰਣ ਮਨੁੱਖ ਦੀਆਂ ਨਿੱਤਪ੍ਰਤੀ ਜ਼ਿੰਦਗੀ ਦੀਆਂ ਨਿੱਕੀਆਂ ਵੱਡੀਆਂ ਗੱਲਾਂ ਨੂੰ ਬੜੇ ਜੀਵੰਤ ਰੂਪ ਵਿਚ ਪੇਸ਼ ਕਰਨ ਵਾਲਾ ਕਹਾਣੀਕਾਰ ਹੈ। ਪੰਜਾਬ ਕਿਸਾਨੀ ਤੇ ਖੇਤ ਮਜ਼ਦੂਰਾਂ ਦੇ ਜੀਵਨ ਅਨੁਭਵ ਧੀਰ ਨੇ ਬੜੇ ਯਥਾਰਥ ਰੂਪ ਵਿਚ ਬਿਆਨੇ ਹਨ। ਉਸ ਦੀਆਂ ਕਹਾਣੀਆਂ ਸਹਿਜ ਗਤੀ ਵਾਲੀਆਂ ਹੁੰਦੀਆਂ ਹਨ ਤੇ ਉਨ੍ਹਾਂ ਵਿਚ ਬੇ ਲੋੜਾ ਵਿਸਥਾਰ ਵੀ ਨਹੀਂ ਹੁੰਦਾ।

ਧੀਰ ਦੀਆਂ ਰਚਨਾਵਾਂ ਹਨ : ਸਿੱਟਿਆਂ ਦੀ ਛਾਂ, ਸਵੇਰ ਹੋਣ ਤੱਕ, ਸਾਂਝੀ ਕੰਧ, ਸ਼ਰਾਬ ਦਾ ਗਲਾਸ, ਪੱਖੀ।

'ਪੱਖੀ' ਕਹਾਣੀ ਸੰਗ੍ਰਹਿ ਉੱਤੇ 1996 ਵਿੱਚ ਧੀਰ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

#### 1.2.3.2.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

'ਭੇਤ ਵਾਲੀ ਗਲ' ਕਹਾਣੀ ਵਿਚ ਸੰਤੋਖ ਸਿੰਘ ਧੀਰ ਕੁਝ ਦਹਾਕੇ ਪਹਿਲਾਂ ਵਾਲੇ ਪੰਜਾਬ ਦੇ ਸੰਗਠਿਤ ਪੇਂਡੂ ਭਾਈਚਾਰਕ ਸਾਂਝ ਨੂੰ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਉਜਾਗਰ ਕਰਦਾ ਹੈ ਕਿ ਸਾਰਾ ਪਿੰਡ ਆਪਸ ਵਿਚਲੇ ਝਗੜਿਆਂ ਤੇ ਮਨਮੁਟਾਵਾਂ ਦੇ ਹੁੰਦਿਆਂ ਹੋਇਆਂ ਵੀ ਇਕ ਇਕਾਈ ਵਿੱਚ ਬੱਝਾ ਹੋਇਆ ਹੁੰਦਾ ਹੈ।

ਜੈਲਦਾਰਾਂ ਦੀ ਕੁੜੀ ਹਰਿਪ੍ਰਕਾਸ਼ ਵਲੋਂ ਗਲੀ ਵਿਚੋਂ ਲੰਘਦੇ ਪਰਮਿੰਦਰ ਮੁੰਡੇ ਵਲ ਦੇਖ ਕੇ ਮੁਸਕਰਾਉਣ ਦੀ ਛੋਟੀ ਜਿਹੀ ਘਟਨਾ ਦੁਆਲੇ ਕਹਾਣੀ ਬੁਣੀ ਗਈ ਹੈ। ਇਸ ਜਵਾਨ ਜੋੜੇ ਦੇ ਪਿਆਰ-ਸੰਬੰਧਾਂ ਦੀ ਲੁਕਵੀਂ ਗੱਲ ਦਾ ਭੇਦ ਜਦੋਂ ਤਿਲਕੂ ਜਾਣ ਲੈਂਦਾ ਹੈ ਤਾਂ ਮਨੁੱਖੀ ਫਿਤਰਤ ਅਨੁਸਾਰ ਇਸ ਭੇਦ ਨੂੰ ਦੂਜੇ ਨਾਲ ਸਾਂਝਾ ਕਰਨ ਲਈ ਉਤਾਵਲਾ ਰਹਿੰਦਾ ਹੈ ਪਰ ਨਾਲ ਹੀ ਪਿੰਡ ਦੀ ਧੀ ਭੈਣ ਦੀ ਸਾਂਝੀ ਇਜ਼ੱਤ ਦਾ ਸਮਾਜਕ ਸੰਕਲਪ ਉਸ ਨੂੰ ਅਗਲੇ ਨੂੰ ਇਹ ਗਲ ਕਿਸੇ ਹੋਰ ਨਾਲ ਸਾਂਝੀ ਕਰਨ ਤੋਂ ਸਾਵਧਾਨ ਵੀ ਕਰਦਾ ਹੈ।

ਤਿਲਕੂ ਤੋਂ ਉਸ ਦੇ ਸੱਚੇ ਦੋਸਤ ਲੁਹਾਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੇ ਬਚਪਨ ਦੇ ਜਿਗਰੀ ਦੋਸਤ ਰਾਮ ਸਿੰਘ ਫੌਜੀ ਦੇ ਕੰਨ ਵਿਚ ਫੂਕ ਮਾਰਦਾ ਹੈ ਤੇ ਨਾਲ ਹੀ ਅਗੋਂ ਕਿਸੇ ਨੂੰ ਨਾ ਦੱਸਣ ਬਾਰੇ ਵੀ ਪੱਕਾ ਕਰ ਦਿੰਦਾ ਹੈ। ਮਨੁੱਖੀ ਮਨ ਹੀ ਅਜਿਹਾ ਹੈ ਕਿ ਕਈ ਵਾਰੀ ਇਕ ਗੱਲ ਦਾ ਭਾਰ ਝਲਣਾ ਇਹਦੇ ਲਈ ਔਖਾ ਹੋ ਜਾਂਦਾ ਹੈ, ਮਸੀਂ ਦਿਨ ਲੰਘਣ ਤੋਂ ਬਾਦ ਫੌਜੀ ਇਹੀ

ਗੱਲ ਰਾਤ ਨੂੰ ਆਪਣੀ ਘਰ ਵਾਲੀ ਭਜਨੋ ਨਾਲ ਸਾਂਝੀ ਕਰਦਾ ਹੈ।

ਪਰ ਨਾਲ ਹੀ ਅੱਗੋਂ ਨਾ ਦੱਸਣ ਦੀ ਤਾੜਨਾ ਵੀ ਕਰਦਾ ਹੈ। ਸਾਰੀ ਰਾਤ ਭਜਨੋਂ ਦੇ ਦਿਲ ਵਿਚ ਇਕ ਲੂਹਣ ਜਿਹੀ ਲੱਗੀ ਰਹੀ। ਭਜਨੋ ਖੁਲ੍ਹੇ ਡੁੱਲ੍ਹੇ ਸੁਭਾਅ ਦੀ ਸੀ ਤੇ ਉਸ ਨੇ ਚੁਬਾਰੇ ਵਾਲੇ ਬੰਤੂ ਨੂੰ ਬੁਲਾਇਆ ਤੇ ਅਖੀਰ ਮੁਸਕਣੀਆਂ ਵਿੱਚ ਹੀ ਸੁਣੀ ਸੁਣਾਈ ਗਲ ਦਿਓਰ ਦੇ ਕੰਨ ਵਿਚ ਅੱਗੇ ਨਾ ਕਰਨ ਦੀ ਸਹੁੰ ਪੁਆ ਕੇ, ਕਹਿ ਦਿੱਤੀ।

ਬੰਤੂ ਤੇਜ਼ ਤੇਜ਼ ਤੁਰਦਾ ਜਦੋਂ ਚਾਚੀ ਕਿਰਪਾਲੋ ਦੇ ਘਰ ਪਹੁੰਚਿਆਂ ਤਾਂ ਚਾਚੀ ਨੇ ਹਸਦਿਆਂ ਉਸ ਨੂੰ ਕਿਹਾ, ''ਆ ਵੇ ਬੰਤਿਆ, ਤੂੰ ਤਾਂ ਈਦ ਦਾ ਈ ਚੰਦ ਬਣ ਗਿਆ ਦੋਜ਼ਕੀਆ, ਅੱਜ ਤਾਂ ਡੁੱਲ-ਡੁੱਲ ਜਾਨੇ ਵੇ, ਕੁਸ਼ ਲੱਭ ਗਿਆ ਕਿਤੋਂ? ਬੰਤਾ ਚਾਚੀ ਨੂੰ ਅੱਗੇ ਨਾਂ ਕਰੀਂ ਕਹਿ ਕੇ ਸਾਰੀ ਗੱਲ ਦਸ ਦਿੰਦਾ ਹੈ। ਜਿਵੇਂ ਪੋਟਲੀ 'ਚ ਬੰਨ੍ਹੀ ਹੋਈ ਵਾਸਨਾ ਗੁੱਠਾਂ, ਕੋਨਿਆਂ ਵਿਚੋਂ ਆਪੇ ਬਾਹਰ ਨਿਕਲ ਜਾਂਦੀ ਹੈ ਤੇ ਇਹ ਵਾਸ਼ਨਾ ਚਾਚੀ ਕੋਲੋਂ ਖਿਲਰ ਹੀ ਗਈ ਤੇ ਅੰਦਰੋਂ ਅੰਦਰੀ ਪਿੰਡ ਦੇ ਲੋਕਾਂ ਵਿਚ ਖਿਚੜੀ ਪੱਕਣ ਲੱਗੀ। ਕੋਈ ਬਜ਼ੁਰਗ ਇਸ ਨੂੰ ਕਲਯੁੱਗ ਆਖਦਾ ਤੇ ਕੋਈ ਧੀਆਂ ਨੂੰ ਬਹੁਤਾ ਲਾਡ ਲਡਾਉਣ ਤੇ ਬਹੁਤਾ ਪੜ੍ਹਾਉਣ ਨੂੰ ਫਿਟਲਾਹਨਤਾ ਪਾਉਂਦਾ।''

ਰੂੰ ਵਾਂਗ ਪੋਲੇ ਪੋਲੇ ਪੈਰ ਧਰਦੀ ਇਹ ਗਲ ਜੈਲਦਾਰਾਂ ਦੀ ਸ਼ਰੀਕਣੀ ਨੰਦੀ ਸਮਰਾਲੋ ਤਕ ਜਾ ਪਹੁੰਚੀ। ਨੰਦੀ ਛੁੱਟਣ ਸੀ ਤੇ ਚੇਤ ਸਿੰਘ ਨਾਲ ਕਰੇਵਾ ਕਰਕੇ ਆਈ ਸੀ। ਲੋਕ ਉਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਣਾਉਂਦੇ ਸੀ। ਇਨ੍ਹਾਂ ਵੀਹ ਸਾਲਾਂ ਵਿਚ ਜੈਲਦਾਰਾਂ ਨੇ ਉਸ ਨੂੰ ਸਭ ਤੋਂ ਵੱਧ ਚੋਭਾਂ ਮਾਰੀਆਂ ਸਨ। ਹੁਣ ਨੰਦੀ ਨੂੰ ਲਗਦਾ ਸੀ ਜਿਵੇਂ ਉਹ ਦੇ ਹੱਥ ਕੋਈ ਹਥਿਆਰ ਆ ਗਿਆ ਹੋਵੇ। ਬਿਰਜੁ ਬ੍ਰਾਹਮਣ ਦੀ ਦੁਕਾਨ ਤੇ ਜਦੋਂ ਨੰਦੀ ਨੇ ਕੁੜੀ ਦੀ ਗੱਲ ਛੇੜੀ ਤਾਂ ਬਿਰਜੂ ਨੇ ਉਸ ਨੂੰ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੋਣ ਦੀ ਗੱਲ ਕੀਤੀ ਤੇ ਉਸ ਨੂੰ ਚੁੱਪ ਹੋਣ ਲਈ ਕਿਹਾ ਤਾਂ ਨੰਦੀ ਨੇ ਉਸ ਨੂੰ ਅੰਗੂਠਾ ਦਿਖਾਉਂਦੇ ਕਿਹਾ, ''ਇਕ ਵਾਰੀ ਤਾਂ ਦਾਦੀ ਦਾ ਚੂੰਡਾ ਹਲੂਣ ਕੇ ਛਡਣੈ।'' ਇਹ ਸੁਣ ਕੇ ਬਿਰਜੂ ਨੇ ਕਿਹਾ, ''ਵਾਰੇ ਸ਼ਾਹ ਨਾ ਭੇਤ ਸੰਦੂਖ ਖੁਲ੍ਹੇ, ਭਾਵੇ ਜਾਨ ਦਾ ਜਿੰਦਰਾ ਟੁੱਟ ਜਾਏ'' ਬਸ ਐਨੀ ਹੀ ਅਰਜ ਹੈ।'' ਅਗਾ ਮਾਰਨੈ ਸਿਆਣੀ ਧੀ ਦਾ'' ਸੋਚ ਕੇ ਉਹਦਾ ਅੰਦਰਲਾ ਹੀ ਉਹਨੂੰ ਕਿਵੇਂ ਨਾ ਕਿਵੇਂ ਮੋੜ ਦਿੰਦਾ। ਪਰ ਇਕ ਦਿਨ ਉਹ ਆਪਣੀ ਜਠਾਣੀ ਹਰ ਕੌਰ ਨੂੰ ਹੌਲੀ ਜਿਹੀ ਭੇਤ ਵਾਲੀ ਸਾਰੀ ਗੱਲ ਜਦੋਂ ਦਸਦੀ ਹੈ ਤਾਂ ਹਰਿ ਕੌਰ ਬੇਬੇ ਆਪਣੇ ਸਿਰ ਦਾ ਦੁਪੱਟਾ ਲਾਹ ਕੇ ਨੰਦੀ ਦੇ ਪੈਰਾਂ ਵਿੱਚ ਰੱਖ ਦਿੰਦੀ ਹੈ ਤੇ ਘਰ ਦੀ ਇਜ਼ੱਤ ਬਚਾਉਣ ਦਾ ਤਰਲਾ ਕਰਦੀ ਹੈ ਤੇ ਨਾਲ ਹੀ ਅਰਜ ਕਰਦੀ ਹੈ ਕਿ ਇਹ ਗੱਲ ਬੰਦਿਆਂ ਦੇ ਕੰਨਾਂ ਵਿਚ ਨਾ ਪਵੇ। ਜੈਲਦਾਰਨੀ ਦੇ ਤਰਲਿਆਂ ਦੇ ਪ੍ਰਭਾਵ ਅਧੀਨ ਉਹ ਜਦੋਂ ਇਹ ਕਲਪਨਾ ਕਰਦੀ ਹੈ ਕਿ ਬਦਨਾਮੀ ਦੀ ਜਿਹੜੀ ਪੀੜ ਵਿਚੋਂ ਉਸ ਨੂੰ ਸਦਾ ਗੁਜਰਨਾ ਪਿਆ, ਹੁਣ ਇਸ ਪਰਿਵਾਰ ਨੂੰ ਵੀ ਇਸੇ ਪੀੜ ਵਿਚੋਂ ਗੁਜਰਨਾ ਪਵੇਗਾ, ਤਾਂ ਉਹ ਪਲ ਦੀ ਪਲ ਜੈਲਦਾਰਨੀ ਨੂੰ ਆਪਣੀ ਥਾਂ ਤੇ ਰੱਖ ਕੇ ਦੇਖਦੀ ਹੈ ਤੇ ਉਸ ਦੀ ਆਪਦੀ ਪੀੜ ਅਥਰੂ ਬਣ ਕੇ ਵਹਿ ਤੁਰਦੀ ਹੈ ਇਹ ਹੰਝੂ ਉਸ ਦੇ ਮੈਲੇ ਅੰਦਰਲੇ ਨੂੰ ਵੀ ਧੋ ਦਿੰਦੇ ਹਨ। ਉਹ ਬੇਬੇ ਨੂੰ ਕਹਿੰਦੀ ਹੈ ਕਿ, ''ਮੈਂ ਕਾਹਨੂੰ ਕਹਿਣਾ ਕਿਸੇ ਕੋਲ, ਮੇਰਾ ਘਰ ਤੇਰੇ ਨਾਲ ਨੀ ਮੱਚੂ''। ਉਸ ਦੀਆਂ ਗਲਾਂ ਸੁਣ ਕੇ ਬੇਬੇ ਨੂੰ ਵੀ ਅਹਿਸਾਸ ਹੁੰਦਾ ਹੈ ਕਿ ਅਸੀਂ ਇਸ ਨਾਲ ਬਹੁਤ ਬੁਰੀਆਂ ਕੀਤੀਆਂ ਸੀ।

ਲੱਖ ਰੰਜਸ਼ਾਂ ਦੇ ਹੁੰਦਿਆਂ ਵੀ ਅਪਣਾਏ ਜਾਣ ਲਈ ਤਰਸਦੀ ਨੰਦੋ ਨੇ ਕਦੇ ਵਿਸ਼ਵਾਸਘਾਤ ਨਾ ਕੀਤਾ। ਵਿਚੋਂ ਵਿਚ ਸੁਲਘਦੀ ਗੱਲ ਭਾਵੇਂ ਸਾਰੇ ਪਿੰਡ ਵਿਚ ਫੈਲ ਚੁਕੀ ਸੀ, ਪਰ ਕਿਸੇ ਨੇ ਵੀ ਧੁਖਦੀ ਨੂੰ ਹਵਾ ਦੇਣ ਦਾ ਯਤਨ ਨਹੀਂ ਕੀਤਾ। ਹਰ ਕਿਸੇ ਨੇ ਭੇਤ ਆਪਣੇ ਕੋਲ ਹੀ ਸਾਂਭਿਆ ਹੋਇਆ ਸੀ।

### 1.2.3.2.3 ਆਲੋਚਨਾਤਮਕ ਪਰਖ

'ਭੇਤ ਵਾਲੀ ਗਲ' ਕਹਾਣੀ ਵਿਚ ਧੀਰ ਨੇ ਕੁਝ ਦੇਰ ਪਹਿਲਾਂ ਵਾਲੇ ਪੰਜਾਬ ਦੇ ਸੰਗਠਿਤ ਪੇਂਡੂ ਭਾਈਚਾਰੇ ਦਾ ਬੜਾ ਹੀ ਸੰਜਿੰਦ ਬਿਰਤਾਂਤ ਸਿਰਜਿਆ ਹੈ ਕਿ ਸਮੁੱਚਾ ਭਾਈਚਾਰਾ ਆਪਸ ਵਿਚ ਸਾਂਝੇ ਦੁੱਖ-ਸੁੱਖ ਅਤੇ

ਸਾਂਝੀ ਨੇਕਨਾਮੀ ਤੇ ਬਦਨਾਮੀ ਦੀਆਂ ਤੰਦਾਂ ਨਾਲ ਜੁੜਿਆ ਹੁੰਦਾ ਸੀ।

ਇਸ ਕਹਾਣੀ ਵਿਚ ਕਹਾਣੀਕਾਰ ਪਾਤਰਾਂ ਦੇ ਕਈ ਰੂਪ ਸਿਰਜਦਾ ਇਹ ਦਰਸਾਉਂਦਾ ਹੈ ਕਿ ਕਿਸੇ ਪਲ ਮਨੁੱਖ ਬਹੁਤ ਬੁਰਾ ਵੀ ਹੋ ਸਕਦਾ ਹੈ ਤੇ ਕਿਸੇ ਪਲ ਬਹੁਤ ਚੰਗਾ ਵੀ, ਧੀਰ ਨੇ ਨੰਦੀ ਪਾਤਰ ਰਾਹੀਂ ਅਜਿਹੀ ਸੱਚਾਈ ਦਾ ਬਿਆਨ ਕੀਤਾ ਹੈ। 'ਭੇਤ ਵਾਲੀ ਗਲ' ਦਾ ਭੇਤ ਖੋਲ੍ਹ ਕੇ ਨੰਦੀ ਕੋਲ ਆਪਣੀ ਕੀਤੀ ਬਦਨਾਮੀ ਦਾ ਬਦਲਾ ਲੈਣ ਦਾ ਸੁਨਹਿਰੀ ਮੌਕਾ ਹੈ ਅਤੇ ਉਹ ਇਸੇ ਮੰਤਵ ਨਾਲ ਜੈਲਦਾਰਨੀ ਕੋਲ ਜਾਂਦੀ ਵੀ ਹੈ ਪਰ ਉਥੇ ਜਾ ਕੇ ਉਸ ਦਾ ਮਨ ਬਦਲ ਜਾਂਦਾ ਹੈ ਤੇ ਉਹ ਬਦਨਾਮ ਔਰਤ ਇਕ ਨਾਮ ਵਾਲੀ ਔਰਤ ਬਣ ਕੇ ਪੇਸ਼ ਹੁੰਦੀ ਹੈ।

ਇਸ ਕਹਾਣੀ ਵਿੱਚ ਭਜਨੋ, ਕਿਰਪਾਲੋ ਤੇ ਨੰਦੀ ਬੜੇ ਹੀ ਖੁਲ੍ਹੇ ਡੁਲ੍ਹੇ ਸੁਭਾਅ ਵਾਲੀਆਂ ਔਰਤਾਂ ਦਿਖਾਈਆਂ ਹਨ। ਇਨ੍ਹਾਂ ਦਾ ਕਿਰਦਾਰ ਬਹੁਤ ਹੀ ਬਹੁਰੰਗਾ ਤੇ ਜੀਵੰਤ ਹੈ ਅਤੇ ਉਨ੍ਹਾਂ ਦੇ ਜਜ਼ਬਿਆਂ ਨੂੰ ਕਲਾਤਮਕ ਸੰਗਠਨ ਵਿਚ ਪੇਸ਼ ਕਰਨਾ ਲੇਖਕ ਦੀ ਕਲਾ ਹੈ। ਲੇਖਕ ਆਪਣੀ ਕਹਾਣੀ ਵਿਚ ਜਾਨਦਾਰ ਨਾਟਕੀ ਦ੍ਰਿਸ਼ ਸਿਰਜਣ ਦੀ ਕਲਾ ਦਾ ਮਾਹਿਰ ਹੈ। ਉਹ ਪਾਠਕ ਨੂੰ ਕਹਾਣੀ ਸੁਣਾਉਂਦਾ ਨਹੀਂ ਸਗੋਂ ਵਖਾਉਂਦਾ ਹੈ। ਸਾਰੇ ਪਾਤਰ ਕੰਮ ਕਰਦੇ, ਗੱਲਾਂ ਕਰਦੇ, ਸਰੀਰਕ ਭਾਸ਼ਾ ਰਾਹੀਂ ਆਪਣੇ ਹਾਵ-ਭਾਵ ਅਤੇ ਜਜ਼ਬਿਆਂ ਦਾ ਪ੍ਰਗਟਾਵਾ ਕਰਦੇ ਨਜ਼ਰ ਆਉਂਦੇ ਹਨ ਤੇ ਸਾਰਿਆਂ ਦੀ ਗਲਬਾਤ ਦੇ ਦ੍ਰਿਸ਼ ਚਲਦੀ ਫ਼ਿਲਮ ਵਾਂਗ ਸਾਡੀਆਂ ਅੱਖਾਂ ਅੱਗੇ ਆ ਜਾਂਦੇ ਹਨ।

ਇਨ੍ਹਾਂ ਸੰਜੀਵ ਦ੍ਰਿਸ਼ਾਂ ਵਿਚ ਵੰਨ-ਸੁਵੰਨੇ ਰੰਗ ਠੇਠ ਮਲਵਈ ਭਾਸ਼ਾਈ ਮੁਹਾਵਰੇ ਵਿਚ ਗੁੰਦੇ, ਛੋਟੇ, ਤਿਖੇ ਤੇ ਭਾਵਪੂਰਤ ਵਾਰਤਾਲਾਪਾਂ ਨੇ ਭਰੇ ਹਨ। ਭੂਠ-ਮੂਠ ਤੇ ਗੁੱਸੇ ਵਿਚ ਪੇਂਡੂ ਠੇਠ ਲਹਿਜੇ ਵਿੱਚ ਭਾਬੀ ਵਲੋਂ ਦਿਓਰ ਨੂੰ ਕਹੇ ਸ਼ਬਦ ਵੀ ਕਮਾਲ ਦੇ ਹਨ, ''ਵੇ ਬਕਰਿਆ ਥੋੜਾ ਪਰ੍ਹਾਂ ਹੋ ਕੇ ਖਲੋ, ਹੁਣੇ ਭਾਵੇਂ ਤੇ ਰਾ ਬਾਈ ਆ ਜਾਵੇ ਉਤੋਂ।''

ਕਹਾਣੀ ਦਾ ਸਿਰਲੇਖ ਬਿਲਕੁਲ ਢੁਕਵਾਂ ਹੈ ਕਿਉਂਕਿ ਭਾਵੇਂ ਸਾਰੇ ਪਿੰਡ ਨੂੰ ਇਸ ਭੇਤ ਦਾ ਪਤਾ ਹੈ ਪਰ ਫਿਰ ਵੀ ਸਾਰਾ ਪਿੰਡ ਇਸ ਭੇਤ ਨੂੰ ਸਾਂਭ ਕੇ ਰੱਖ ਰਿਹਾ ਹੈ।

### 1.2.3.3 ਧਰਤੀ ਹੇਠਲਾ ਬੌਲਦ

#### 1.2.3.3.1 ਕਹਾਣੀਕਾਰ ਨਾਲ ਜਾਣ-ਪਛਾਣ

'ਧਰਤੀ ਹੇਠਲਾ ਬੌਲਦ' ਕਹਾਣੀ ਕੁਲਵੰਤ ਸਿੰਘ ਵਿਰਕ (1921-1987) ਦੀ ਲਿਖੀ ਹੋਈ ਹੈ। ਵਿਰਕ ਦਾ ਜਨਮ ਸ. ਆਸਾ ਸਿੰਘ ਦੇ ਘਰ ਪਿੰਡ ਫੁੱਲਵਰਨ ਜਿਲ੍ਹਾ ਸ਼ੇਖੂਪੁਰਾ ਵਿਚ ਹੋਇਆ। ਉਸ ਦਾ ਪਿਤਾ ਇਕ ਸਾਧਾਰਣ ਕਿਸਾਨ ਸੀ। ਉਹ ਐਮ. ਇੰਗਲਿਸ਼, ਐਲ.ਐਲ.ਬੀ. ਕਰਨ ਤੋਂ ਬਾਦ ਫੌਜ ਵਿਚ ਭਰਤੀ ਹੋਇਆ ਪਰ ਦੂਜੇ ਮਹਾਂਯੁੱਧ ਤੋਂ ਬਾਅਦ ਨੌਕਰੀ ਛੱਡ ਦਿੱਤੀ। ਫਿਰ ਉਸ ਨੇ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਦੇ ਜੁਆਇੰਟ ਡਾਇਰੈਕਟਰ ਵਜੋਂ ਸੇਵਾ ਨਿਭਾਈ ਤੇ ਕੁਝ ਸਮਾਂ ਮੁੱਖ ਮੰਤਰੀ ਪੰਜਾਬ ਦਾ ਪੀ.ਏ. ਵੀ ਰਿਹਾ।

ਉਸ ਨੇ ਕੇਵਲ ਕਹਾਣੀਆਂ ਲਿਖ ਕੇ ਹੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਪਦੀ ਵੱਖਰੀ ਪਛਾਣ ਬਣਾਈ ਹੈ। ਜ਼ਿੰਦਗੀ ਵਿੱਚ ਆਮ ਸਾਧਾਰਣ ਘਟਨਾਵਾਂ ਹਰ ਇਕ ਨਾਲ ਵਾਪਰਦੀਆਂ ਹਨ ਪਰ ਇਹ ਵਿਰਕ ਦੀ ਵਿਸ਼ਲੇਸ਼ਣਾਤਮਕ ਸੂਖਮ ਦ੍ਰਿਸ਼ਟੀ ਹੈ ਕਿ ਉਹ ਸਾਧਾਰਣਤਾ ਵਿਚੋਂ ਵਚਿਤਰਤਾ ਲਭ ਲੈਂਦਾ ਹੈ। ਆਪਣੇ ਫੌਜੀ ਅਨੁਭਵ ਵਿਚੋਂ ਵੀ ਉਸ ਨੇ ਕਈ ਵਧੀਆ ਕਹਾਣੀਆਂ ਲਿਖੀਆਂ।

ਗਿਣਤੀ ਪੱਖੋਂ ਘੱਟ ਪਰ ਗੁਣਾਤਮਕ ਪਖੋਂ ਬਹੁਤ ਮਹੱਤਵਪੂਰਨ ਕਹਾਣੀਆਂ ਲਿਖਣ ਵਾਲੇ ਕੁਲਵੰਤ ਸਿੰਘ ਵਿਰਕ ਨੂੰ 1968 ਵਿੱਚ ਕਹਾਣੀ ਸੰਗ੍ਰਹਿ 'ਨਵੇ ਲੋਕ' ਉੱਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ। ਉਸ ਦੇ ਕਹਾਣੀ-ਸੰਗ੍ਰਿਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਛਾਹ ਵੇਲਾ, ਧਰਤੀ ਅਤੇ ਆਕਾਸ਼, ਤੂੜੀ ਦੀ ਪੰਡ, ਏਕਸ ਕੇ ਹਮ ਬਾਰਿਕ, ਦੁੱਧ ਦਾ ਛੱਪੜ, ਗੋਲਾਂ, ਨਵੇਂ ਲੋਕ, ਆਤਿਸ਼ਬਾਜੀ।

## 1.2.3.3.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਧਰਤੀ ਹੇਠਲਾ ਬਲਦ' ਕੁਲਵੰਤ ਸਿੰਘ ਵਿਰਕ ਦੀ ਹੀ ਨਹੀਂ ਸਗੋਂ ਪੰਜਾਬੀ ਦੇ ਕਹਾਣੀ ਸਾਹਿਤ ਦੀ ਸ਼ਾਹਕਾਰ ਕਹਾਣੀ ਹੈ। ਇਸ ਕਹਾਣੀ ਦਾ ਨਾਇਕ ਇਕ ਬਜ਼ੁਰਗ ਪਾਤਰ ਹੈ। ਉਹ ਤੇ ਉਸ ਦਾ ਪਰਿਵਾਰ ਕਰਮ ਸਿੰਘ ਦੀ ਮੌਤ ਦੇ ਭੇਤ ਨੂੰ ਕਹਾਣੀ ਦੇ ਅਖੀਰ ਤੱਕ ਛੁਪਾਉਣ ਦਾ ਯਤਨ ਕਰਦੇ ਹਨ। ਕਹਾਣੀ ਵਿਚ ਵਿਰਕ ਦੱਸਦਾ ਹੈ ਕਿ ਪੰਜਾਬੀਆਂ ਦਾ ਭਾਰਤੀ ਫੌਜ ਵਿਚ ਵਿਸ਼ੇਸ਼ ਸਥਾਨ ਹੈ ਤੇ ਹਰ ਫੌਜੀ ਨੂੰ ਆਪਣੀ ਛੁੱਟੀ ਬੜੀ ਮੁਸ਼ਕਲ ਨਾਲ ਮਿਲਦੀ ਹੈ।

ਫੌਜ ਵਿਚ ਮਾਨ ਸਿੰਘ ਤੇ ਕਰਮ ਸਿੰਘ ਦੀ ਦੋਸਤੀ ਬਹੁਤ ਪੱਕੀ ਹੁੰਦੀ ਹੈ। ਪਹਿਲਾਂ ਉਹ ਰੈਜੀਮੈਂਟਲ ਸੈਂਟਰ ਵਿੱਚ ਇਕੱਠੇ ਸੀ ਤੇ ਹੁਣ ਇਕ ਬਟਾਲੀਅਨ ਵਿਚ ਬਰਮਾ ਫਰੰਟ ਤੇ ਲੜ ਰਹੇ ਹੁੰਦੇ ਹਨ। ਕਰਮ ਸਿੰਘ ਬਹੁਤ ਹੀ ਨਰਮ ਤੇ ਮਿੱਠੇ ਸੁਭਾਅ ਦਾ ਸੀ ਤੇ ਉਹ ਜਮਨਾਸਟਿਕ ਬਹੁਤ ਵਧੀਆ ਕਰਦਾ ਅਤੇ ਰਾਈਫਲ ਦੇ ਪੱਕੇ ਨਿਸ਼ਾਨੇ ਲਈ ਵੀ ਉਹ ਬਹੁਤ ਮਸ਼ਹੂਰ ਸੀ। ਕਈ ਜਾਪਾਨੀ ਉਸ ਦੀ ਗੋਲੀ ਦਾ ਨਿਸ਼ਾਨਾ ਬਣੇ ਸਨ। ਜਦੋਂ ਵੀ ਉਹ ਪਿੰਡ ਜਾਂਦਾ ਤਾਂ ਸਾਰੇ ਪਿੰਡ ਦੇ ਮੁੰਡੇ ਤੇ ਬਜ਼ੁਰਗ ਅੱਧੀ ਅੱਧੀ ਰਾਤ ਤੱਕ ਬੈਠ ਕੇ ਉਸ ਦੀ ਬਹਾਦਰੀ ਦੀਆਂ ਗੱਲਾਂ ਸੁਣਦੇ ਰਹਿੰਦੇ।

ਫਰੰਟ ਤੇ ਲੜਾਈ ਲੱਗਣ ਕਰਕੇ ਇਸ ਵਾਰ ਜਦੋਂ ਇਕੱਲੇ ਮਾਨ ਸਿੰਘ ਦੀ ਛੁੱਟੀ ਮਨਜ਼ੂਰ ਹੋਈ ਤਾਂ ਕਰਮ ਸਿੰਘ ਬੜਾ ਉਦਾਸ ਹੋਇਆ। ਉਸ ਨੇ ਮਾਨ ਸਿੰਘ ਨੂੰ ਉਸ ਦੇ ਘਰ ਮਿਲ ਕੇ ਆਉਣ ਦੇ ਵਾਅਦੇ ਨਾਲ ਵਿਦਾ ਕੀਤਾ ਤਾਂ ਕਿ ਵਾਪਸੀ ਤੇ ਉਹ ਉਸ ਤੋਂ ਆਪਣੇ ਘਰਦਿਆਂ ਦੀਆਂ ਗੱਲਾਂ ਸੁਣ ਸਕੇ। ਛੁੱਟੀ ਦੇ ਆਖਰੀ ਦਿਨਾਂ ਵਿੱਚ ਮਾਨ ਸਿੰਘ ਜਦੋਂ ਕਰਮ ਸਿੰਘ ਦੇ ਘਰ ਜਾਂਦਾ ਹੈ ਤਾਂ ਮਾਨ ਸਿੰਘ, ਕਰਮ ਸਿੰਘ ਦੇ ਪਿਤਾ ਦੇ ਠੰਡੇ ਵਿਹਾਰ ਨੂੰ ਦੇਖ ਕੇ ਬਹੁਤ ਹੈਰਾਨ ਹੁੰਦਾ ਹੈ ਅਤੇ ਉਹ ਮਹਿਸੂਸ ਕਰਦਾ ਹੈ ਕਿ ਕਰਮੇ ਦਾ ਪਿਤਾ ਕੁਝ ਔਖਾ ਹੈ। ਬਜ਼ੁਰਗ ਦੀ ਚੁੱਪ ਅਤੇ ਸਰੀਰਕ ਭਾਸ਼ਾ ਉਸ ਅੰਦਰਲੀ ਬੇ ਚੈਨੀ ਨੂੰ ਦਰਸਾਉਂਦੀ ਹੈ। ਉਸ ਦਾ ਇਧਰ ਉਧਰ ਦੇਖਣਾ, ਨੀਵੀਂ ਪਾ ਲੈਣਾ, ਕੱਟੀ ਨੂੰ ਖੋਲ੍ਹਣਾ-ਬੰਨਣਾ, ਘੋੜੀ ਕੋਲ ਜਾਣਾ, ਤੂੜੀ ਵਿਚ ਹੱਥ ਮਾਰਨਾ ਅਤੇ ਉਸ ਵਿੱਚ ਹੋਰ ਛੋਲੇ ਲਿਆ ਕੇ ਮਿਲਾਉਣੇ, ਮਾਨ ਸਿੰਘ ਵਲੋਂ ਕਰਮ ਸਿੰਘ ਦੇ ਬੱਚੇ ਨੂੰ ਉਸ ਦੇ ਪਿਤਾ ਕੋਲ ਲੈ ਕੇ ਜਾਣ ਦੇ ਸੱਦੇ ਨੂੰ, ਸੂਲ ਵਾਂਗ ਚੁਭਣਾ ਅਤੇ ਘਰਦਿਆਂ ਜੀਆਂ ਨੂੰ ਖਰ੍ਹਵੀਂ ਆਵਾਜ਼ ਵਿਚ ਮੁੰਡੇ ਨੂੰ ਲੈ ਕੇ ਜਾਣ ਲਈ ਆਵਾਜ਼ ਦੇਣਾ ਆਦਿ ਸਾਰੇ ਵੇਰਵੇ ਬਜ਼ੁਰਗ ਦੀ ਮਾਨਸਿਕ ਦਸ਼ਾ ਦੇ ਸੰਕੇਤ ਵੀ ਹਨ ਅਤੇ ਕਹਾਣੀ ਵਿੱਚ ਜਗਿਆਸਾ ਪੈਦਾ ਕਰਨ ਦੀ ਜੁਗਤ ਵੀ ਹਨ। ਕਰਮੇ ਦੀ ਬੇਬੇ ਚਾਹ ਲੈ ਕੇ ਆਈ ਤੇ ਉਹ ਵੀ ਬਿਨਾਂ ਗੱਲ ਕੀਤੇ ਵਾਪਸ ਚਲੀ ਗਈ। ਵਿਰਕ ਦੀ ਕਲਾਕਾਰੀ ਮਾਨ ਸਿੰਘ ਦੇ ਮਨ ਵਿੱਚ ਦੁਬਿਧਾ ਨੂੰ ਸਿਰਜਣ ਵਿਚ ਹੈ ਜਿਸ ਅਨੁਸਾਰ ਇਕ ਪਲ ਤਾਂ ਮਾਨ ਸਿੰਘ ਮਝੈਲਾਂ ਦੀ ਪ੍ਰਾਹੁਣਚਾਰੀ ਬਾਰੇ ਆਪਣੇ ਮਨ ਵਿੱਚ ਬੈਠੀ ਧਾਰਨਾ ਅੱਗੇ ਪ੍ਰਸ਼ਨ ਚਿੰਨ੍ਹ ਲਾਉਂਦਾ ਜਾਪਦਾ ਹੈ ਪਰ ਦੂਜੇ ਪਲ ਹੀ ਇਸ ਮਝੈਲ ਪਰਿਵਾਰ ਵਲੋਂ ਦਿਖਾਏ ਗਏ ਪ੍ਰਾਹੁਣਾਚਾਰੀ ਵਾਲੇ ਵਿਹਾਰ ਨੂੰ ਰੱਦ ਵੀ ਨਹੀਂ ਕਰਨਾ ਚਾਹੁੰਦਾ।

ਕਰਮੇ ਦੇ ਭਰਾ ਜਸਵੰਤ ਸਿੰਘ ਦੇ ਆਉਣ ਤੇ ਘਰ ਵਿਚ ਕੁਝ ਰੌਣਕ ਹੁੰਦੀ ਹੈ ਤੇ ਮਾਨ ਸਿੰਘ ਸਾਰੇ ਪਰਿਵਾਰ ਨਾਲ ਕਰਮੇ ਦੀ ਬਹਾਦਰੀ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਹੈ ਪਰ ਸਾਰੇ ਘਰ ਦੇ ਸੁੰਨ ਬੈਠੇ ਰਹੇ ਤੇ ਇਧਰ ਉਧਰ ਖੇਤ ਬੰਨੇ ਦੀਆਂ ਗੱਲਾਂ ਕਰਦੇ ਰਹੇ। ਰੋਟੀ ਖਾਣ ਵੇਲੇ ਜਸਵੰਤ ਮਾਨ ਸਿੰਘ ਨੂੰ ਪੱਖਾ ਝਲਦਾ ਹੈ ਅਤੇ ਅਗਲੇ ਦਿਨ ਤਰਨਤਾਰਨ ਜਾਂਦੇ ਸਮੇਂ ਮਾਨ ਸਿੰਘ ਕਰਮ ਸਿੰਘ ਦੇ ਜੱਸ ਦੀ ਗੱਲ ਕਰਦੇ ਹੋਏ ਜਸਵੰਤ ਸਿੰਘ ਨੂੰ ਫੌਜ ਵਿਚ ਭਰਤੀ ਹੋਣ ਲਈ ਕਹਿੰਦਾ ਹੈ ਪਰ ਇਹ ਸੁਣ ਕੇ ਜਸਵੰਤ ਕੱਠਾ ਜਿਹਾ ਹੋ ਕੇ ਜਵਾਬ ਦਿੰਦਾ ਹੈ, ''ਇੱਕ ਥੋੜ੍ਹਾ ਹੁੰਦਾ ਫੌਜ ਵਿਚ''। ਤਰਨਤਾਰਨ ਤੋਂ ਮੁੜ ਕੇ ਮਾਨ ਸਿੰਘ ਡਿਉੜੀ ਵਿੱਚ ਇਕੱਲਾ ਬੈਠਾ ਸੀ ਤੇ ਅੰਦਰ ਉਸ ਲਈ ਚਾਹ ਰੱਖੀ ਹੋਈ ਸੀ ਤਾਂ ਪਿੰਡ ਦਾ ਡਾਕੀਆ ਆ ਕੇ ਉਸ ਨਾਲ ਮੰਜੀ ਤੇ ਬੈਠ ਜਾਂਦਾ ਹੈ। ਡਾਕੀਏ ਕੋਲੋਂ ਕਰਮੇ ਦੀ ਪੈਨਸ਼ਨ ਬਾਰੇ ਜਾਣ ਕੇ ਮਾਨ ਸਿੰਘ ਨੂੰ ਝਟਕਾ ਲਗਦਾ ਹੈ ਕਿ ਕਰਮੇ ਦੀ ਮੌਤ ਹੋਈ ਨੂੰ ਪੰਦਰਾਂ ਦਿਨ ਹੋ

ਗਏ ਸੀ।

ਬਾਪੂ ਨੇ ਬਾਹਰੋਂ ਆਉਂਦੇ ਹੀ ਡਾਕੀਆ ਦੇਖ ਕੇ ਸਮਝ ਲਿਆ ਕਿ ਗਲ ਨਿਕਲ ਗਈ ਤੇ ਅੱਠਾਂ ਪਹਿਰਾਂ ਦਾ ਦਬਾਅ ਢਿੱਲਾ ਹੋਇਆ ਤੇ ਉਹਦੇ ਅਥਰੂ ਵਗ ਤੁਰੇ। ਦੋਨੋਂ ਹੀ ਰੋ ਰੋ ਕੇ ਆਪਣੇ ਆਪ ਨੂੰ ਹੌਲਾ ਕਰਦੇ ਰਹੇ। ਬਾਪੂ ਨੇ ਮਾਨ ਸਿੰਘ ਨਾਲ ਇਸ ਕਰਕੇ ਆਪਣੇ ਪੁੱਤ ਦੀ ਮੌਤ ਦਾ ਦੁੱਖ ਸਾਂਝਾ ਨਹੀਂ ਕੀਤਾ ਕਿਉਂਕਿ ਇਹ ਖਬਰ ਉਸ ਨੂੰ ਦੁਖੀ ਕਰ ਦੇਵੇਗੀ ਅਤੇ ਉਸ ਦੀ ਛੁੱਟੀ ਖਰਾਬ ਹੋ ਜਾਵੇਗੀ। ਹਰ ਫੌਜੀ ਨੂੰ ਛੁੱਟੀ ਬੜੀ ਪਿਆਰੀ ਹੁੰਦੀ ਹੈ ਪਰ ਬਾਪੂ ਨੂੰ ਇਹ ਗਿਲਾ ਹੈ ਕਿ ਉਹ ਗੱਲ ਲੁਕਾਉਣ ਵਿੱਚ ਕਾਮਯਾਬ ਨਾ ਹੋਇਆ।

ਮਾਨ ਸਿੰਘ ਨੇ ਇਕ ਧੌਲ ਬਾਰੇ ਸੁਣਿਆ ਹੋਇਆ ਸੀ ਜੋ ਆਪਣੇ ਸਿਰ ਤੇ ਸਾਰੀ ਧਰਤੀ ਦਾ ਭਾਰ ਚੁਕ ਕੇ ਖੜਾ ਰਹਿੰਦਾ ਹੈ, ਉਸ ਨੂੰ ਲੱਗਿਆ ਜਿਵੇਂ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ ਸੀ ਜਿਹੜਾ, ਭਾਰ ਥੱਲੇ ਦਬਿਆ ਹੋਣ ਪਿਛੋਂ ਵੀ ਲੋਕਾਂ ਦਾ ਭਾਰ ਚੁਕਣਾ ਚਾਹੁੰਦਾ ਸੀ। ਉਹ ਕਰਮ ਸਿੰਘ ਦੀ ਮੌਤ ਦੀ ਖ਼ਬਰ ਦਾ ਭਾਰ ਅੰਤ ਤੱਕ ਆਪਣੇ ਮਨ ਤੇ ਚੁਕੀ ਰੱਖਦਾ ਹੈ। ਲੇਖਕ ਅਨੁਸਾਰ ਇਕ ਕਿਸਾਨ ਦਾ ਜੀਵਨ ਵਧੇਰੇ ਖੇਚਲ ਤੇ ਤਕਲੀਫ ਸਹਿਣ ਦਾ ਆਦੀ ਰਿਹਾ ਹੋਣ ਕਰਕੇ ਉਸ ਵਿਚ ਸ਼ਹਿਣਸ਼ਕਤੀ ਦੀ ਮਾਤਰਾ ਕੁਝ ਵੱਧ ਹੁੰਦੀ ਹੈ।

### 1.2.3.3.3 ਆਲੋਚਨਾਤਮਕ ਪਰਖ

'ਧਰਤੀ ਹੇਠਲਾ ਬੌਲਦ' ਰੂਪਕ ਇਕ ਪੁਰਾਤਨ ਮਿੱਥ ਤੋਂ ਉਧਾਰਾ ਲਿਆ ਗਿਆ ਹੈ ਜਿਸ ਅਨੁਸਾਰ ਇਸ ਧਰਤੀ ਹੇਠਾਂ ਇਕ ਧੌਲ ਹੈ ਜੋ ਆਪਣੇ ਸਿਰ ਤੇ ਸਾਰੀ ਧਰਤੀ ਦਾ ਭਾਰ ਚੁਕੀ ਖੜਾ ਹੈ। ਸੋ ਕਹਾਣੀ ਦਾ ਸਿਰਲੇਖ ਬਿਲਕੁਲ ਢੁਕਵਾਂ ਹੈ।

ਵਿਰਕ ਘਟਨਾ ਦੇ ਵਿਕਾਸ ਲਈ ਵੱਖ-ਵੱਖ ਪ੍ਰਸਥਿਤੀਆਂ ਦੀ ਸਿਰਜਣਾ ਕਰਕੇ ਕਹਾਣੀ ਦੀ ਥੀਮਕ ਏਕਤਾ ਨੂੰ ਬਰਕਰਾਰ ਰੱਖਦਾ ਹੈ।

ਪਾਤਰਾਂ ਨੂੰ ਵੱਖ-ਵੱਖ ਘਟਨਾਵਾਂ, ਪ੍ਰਸਥਿਤੀਆਂ ਵਿਚ ਵਿਚਰਦਿਆਂ ਦਿਖਾ ਕੇ ਉਨ੍ਹਾਂ ਦੇ ਕਾਰਜਾਂ ਦੁਆਰਾ ਸਖ਼ਸੀਅਤ ਦੀ ਪੇਸ਼ਕਾਰੀ ਕਰਦਾ ਹੈ। ਇਸ ਕਹਾਣੀ ਦੇ ਪਾਤਰ ਕਰਮ ਸਿੰਘ ਦੇ ਬਾਪੂ ਦੀ ਗਮਗੀਨ ਸਥਿਤੀ ਉਸ ਦੇ ਵਿਵਹਾਰ ਤੋਂ ਪਤਾ ਲਗਦੀ ਹੈ ਕਿ ਮਾਰੇ ਗਏ ਪੁੱਤਰ ਦੇ ਦੋਸਤ ਤੋਂ ਪਰ੍ਹਾਂ-ਪਰ੍ਹਾਂ ਰਹਿਣਾ ਤੇ ਆਪਣੇ ਆਪ ਨੂੰ ਫਿਸ ਪੈਣ ਤੋਂ ਬਚਾਉਣ ਦੀ ਕੋਸ਼ਿਸ਼ ਕਰਨਾ, ਸੁਹਿਰਦਤਾ ਤੇ ਦ੍ਰਿੜਤਾ ਨਾਲ ਦੂਜੇ ਨੂੰ ਸੁੱਖ ਦੇਣ ਲਈ ਆਪਣੇ ਦੁੱਖ ਨਾਲ ਲੜਨਾ ਅਤੇ ਅੰਤ ਤੇ ਫੁੱਟ ਫੁੱਟ ਕੇ ਰੋਣਾ, ਇਹ ਉਸ ਪਾਤਰ ਦੀ ਸਾਧਾਰਨਤਾ ਵਲ ਸੰਕੇਤ ਵੀ ਹੈ ਤੇ ਉਸ ਦੀ ਸਾਧਾਰਣ ਮਨੁੱਖ ਵਿਚਲੀ ਸਾਧਾਰਣ ਤਾਕਤ ਵੱਲ ਵੀ।

ਵਿਰਕ ਨੇ ਬੜੀ ਕੋਸ਼ਲਤਾ ਨਾਲ ਕਹਾਣੀ ਵਿਚ ਜਗਿਆਸਾ ਪੈਦਾ ਕਰਨ ਦੀ ਜੁਗਤ ਵਰਤੀ ਹੈ। ਬਜ਼ੁਰਗ ਦੀ ਮਾਨਸਿਕ ਕਮਸ਼ਕਸ਼ ਬਾਖੂਬੀ ਨਿਭਾਈ ਹੈ।

ਉਸ ਦੀ ਕਹਾਣੀ ਵਿਚਲੇ ਪਾਤਰ ਸਾਡੇ ਆਲੇ-ਦੁਆਲੇ ਵਿਚਰਦੇ ਆਮ ਮਨੁੱਖਾਂ ਵਿਚੋਂ ਹੀ ਹਨ।

ਵਿਰਕ ਦੀ ਕਹਾਣੀ ਵਿਚ ਨਾ ਹੀ ਕਾਹਲ ਹੈ ਤੇ ਨਾ ਹੀ ਉਪਦੇਸ਼, ਉਹ ਬੜੇ ਸਹਿਜ ਨਾਲ ਬਿਰਤਾਂਤ ਸਿਰਜਣ ਦੀ ਕਲਾ ਦਾ ਮਾਹਿਰ ਹੈ। ਕਹਾਣੀ ਸਹਿਜ ਢੰਗ ਨਾਲ ਸ਼ੁਰੂ ਕਰਕੇ ਅੱਗੇ ਵਧਦਾ ਜਾਂਦਾ ਹੈ ਅਤੇ ਅੰਤ ਉੱਤੇ ਕਹਾਣੀ ਨੂੰ ਅਜਿਹਾ ਮੋੜ ਦਿੰਦਾ ਹੈ ਕਿ ਪਾਠਕ ਖੜਾ ਸੋਚਦਾ ਰਹਿ ਜਾਂਦਾ ਹੈ। ਕਹਾਣੀ ਵਿਚ ਘਟਨਾਵਾਂ ਦੀ ਬਹੁਤੀ ਭੀੜ ਨਹੀਂ ਬਣਾਉਂਦਾ ਸਗੋਂ ਇਕ ਅੱਧ ਘਟਨਾ ਨੂੰ ਹੀ ਬਿਆਨ ਕਰਦਾ ਹੈ। ਸੰਜਮਤਾ, ਸੰਖੇਪਤਾ ਅਤੇ ਸਹਿਜਤਾ ਉਸ ਦੀ ਕਹਾਣੀ ਕਲਾ ਦੇ ਵਿਸ਼ੇਸ਼ ਗੁਣ ਹਨ।

ਵਿਰਕ ਮੁੱਖ ਤੌਰ ਤੇ ਸ਼ੁੱਧ ਕੇਂਦਰੀ ਪੰਜਾਬੀ ਭਾਸ਼ਾ ਦੀ ਵਰਤੋਂ ਕਰਦਾ ਹੈ। ਵਿਚਾਰ ਪ੍ਰਗਟਾਵੇ ਲਈ ਸ਼ਬਦਾਂ ਦੀ ਚੋਣ, ਪ੍ਰਸਥਿਤੀ ਅਤੇ ਪ੍ਰਸੰਗ ਦੇ ਅਨੁਕੂਲ ਕਰਦਾ ਹੈ। ਪਾਤਰ ਜਿਸ ਤਰ੍ਹਾਂ ਦੇ ਵਾਤਾਵਰਣ ਵਿਚ ਵਿਚਰ ਰਿਹਾ ਹੋਵੇ, ਉਸ ਅਨੁਸਾਰ ਹੀ ਸ਼ਬਦਾਂ ਦੀ ਚੋਣ ਕਰਦਾ ਹੈ। ਉਹ ਬੜੇ ਖੜਕਵੇਂ ਸ਼ਬਦਾਂ ਰਾਹੀਂ ਆਪਣੇ ਮਝੈਲ ਪਾਤਰਾਂ ਦੇ ਚਰਿਤਰ ਉਲੀਕਦਾ ਹੈ। ਢੁਕਵੇਂ ਸ਼ਬਦਾਂ ਦੀ ਚੋਣ ਕਰਨ ਵਿੱਚ ਉਸ ਨੂੰ ਮੁਹਾਰਤ ਹਾਸਲ ਹੈ। ਉਹ ਇਕ ਸਫਲ ਕਹਾਣੀਕਾਰ ਹੈ।

### 1.2.4 ਸਿੱਟਾ

ਇਸ ਪਾਠ ਵਿੱਚ 'ਕਥਾ ਰੰਗ' ਦੀਆਂ ਤਿੰਨ ਕਹਾਣੀਆਂ ਤ੍ਰਿਸ਼ਨਾ, ਭੇਦ ਵਾਲੀ ਗੱਲ ਅਤੇ ਧਰਤੀ ਹੇਠਲਾ ਬੋਲਦ ਜੋ ਕਿ ਕ੍ਰਮਵਾਰ ਕਰਤਾਰ ਸਿੰਘ ਦੁੱਗਲ, ਸੰਤੋਖ ਸਿੰਘ ਧੀਰ ਅਤੇ ਕੁਲਵੰਤ ਸਿੰਘ ਵਿਰਕ ਦੁਆਰਾ ਲਿਖੀਆਂ ਗਈਆਂ ਹਨ। ਜਿਹਨਾਂ ਵਿੱਚ ਕਹਾਣੀਆਂ ਦੇ ਸਾਰ ਦੇ ਨਾਲ-ਨਾਲ ਇਹਨਾਂ ਦਾ ਆਲੋਚਨਾਤਮਕ ਅਧਿਐਨ ਵੀ ਕੀਤਾ ਗਿਆ ਹੈ।

### 1.2.5 ਅਭਿਆਸ ਲਈ ਪ੍ਰਸ਼ਨ

1. ਪਰਤੂਲ ਨੇ ਰਜਨੀ ਦੀ ਸਕਰੀਨਿੰਗ ਕਰਾਉਣ ਦੀ ਰੱਟ ਕਿਉਂ ਲਾਈ ਹੋਈ ਸੀ?
2. ਇਹ ਪਤਾ ਲੱਗਣ ਤੇ ਕਿ ਰਜਨੀ ਅੰਦਰ ਲੜਕੀ ਦਾ ਭਰੂਣ ਹੈ, ਪਰਤੂਲ ਉੱਤੇ ਕੀ ਪ੍ਰਭਾਵ ਪਿਆ ?
3. ਵੈਲਫੇਅਰ ਸੈਂਟਰ ਤੋਂ ਵਾਪਸ ਪਰਤੀ ਰਜਨੀ ਦੀ ਮਾਨਸਿਕ ਅਵਸਥਾ ਨੂੰ ਆਪਣੇ ਸ਼ਬਦਾਂ ਵਿਚ ਲਿਖੋ ?
4. ਰਜਨੀ ਆਪਣੇ ਸਕੂਲ ਵਿੱਚ ਦਾਖਲ ਹੋਣ ਆਈਆਂ ਬੱਚੀਆਂ ਦੇ ਮਾਪਿਆਂ ਕੋਲ ਉਨ੍ਹਾਂ ਦਾ ਨਾਂ 'ਤ੍ਰਿਸ਼ਨਾ' ਰੱਖਣ ਦੀ ਤਜ਼ਵੀਜ਼ ਕਿਉਂ ਰੱਖਦੀ ਸੀ ?
5. ਤਿਲਕੂ ਨੇ ਸਭ ਤੋਂ ਪਹਿਲਾਂ ਇਹ 'ਭੇਤ' ਕਿਸ ਕੋਲ ਤੇ ਕਿਵੇਂ ਖੋਲ੍ਹਿਆ?
6. ਨੰਦੋ ਦਾ ਹਰ ਕੌਰ ਨਾਲ ਕੀ ਰਿਸ਼ਤਾ ਹੈ ਤੇ ਉਸ ਨਾਲ ਉਸ ਦੀ ਕੀ ਨਰਾਜਗੀ ਹੈ?
7. ਭੇਤ ਵਾਲੀ ਗਲ ਕਹਾਣੀ ਦੇ ਮਰਦ ਤੇ ਔਰਤ ਦੇ ਪਾਤਰਾਂ ਦੇ ਨਾਂ ਲਿਖੋ?
8. ਸੰਤੋਖ ਸਿੰਘ ਧੀਰ ਕਿਹੜੀ ਵਿਚਾਰਧਾਰਾ ਨਾਲ ਜੁੜਿਆ ਲੇਖਕ ਹੈ?
9. ਛੁੱਟੀ ਆਉਣ ਸਮੇਂ ਟਰੱਕ ਵਿਚ ਬਹਿਣ ਲੱਗੇ ਮਾਨ ਸਿੰਘ ਨੂੰ ਕਰਮ ਸਿੰਘ ਨੇ ਕੀ ਕਿਹਾ ਸੀ ?
10. ਕਰਮ ਸਿੰਘ ਦੇ ਸੁਭਾਅ ਦੀਆਂ ਵਿਸ਼ੇਸ਼ਤਾਵਾਂ ਦੱਸੋ ?
11. ਕਰਮ ਸਿੰਘ ਦੇ ਪਿਤਾ ਦੀ ਬੇਚੈਨੀ ਦਾ ਪ੍ਰਗਟਾਵਾ ਉਸ ਦੀ ਸਰੀਰਕ ਭਾਸ਼ਾ ਰਾਹੀਂ ਕਿਵੇਂ ਹੁੰਦਾ ਹੈ।
12. ਲੇਖਕ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬੋਲਦ' ਕਿਉਂ ਆਖਦਾ ਹੈ?

### 1.2.6 ਸਹਾਇਕ ਪੁਸਤਕ ਸੂਚੀ

ਕਥਾ ਰੰਗ (ਸੰਪਾ.) – ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਸਿੰਘ ਚੀਮਾ

ਗੁਰਚਰਨ ਸਿੰਘ – ਕਰਤਾਰ ਸਿੰਘ ਦੁੱਗਲ ਦੀ ਕਹਾਣੀ ਕਲਾ, ਲਾਹੌਰ ਬੁਕ ਸ਼ਾਪ, ਪਟਿਆਲਾ।

**ਪਾਠ ਨੰਬਰ : 1.3** **ਲੇਖਿਕਾ : ਡਾ. ਹਰਜੋਤ ਕੌਰ**

## ਇਕ ਬਾਲੜੀ ਦੋ ਪਤਾਸੇ, ਮੋਹੜੀ ਅਤੇ ਸ਼ਹੀਦ ਕਹਾਣੀਆਂ ਦਾ ਸਾਰ

1.3.1 ਪਾਠ ਦਾ ਉਦੇਸ਼
1.3.2 ਭੂਮਿਕਾ
1.3.3 ਪਾਠ ਦੀ ਰੂਪ ਰੇਖਾ
1.3.3.1 ਇੱਕ ਬਾਲੜੀ ਦੋ ਪਤਾਸੇ
1.3.3.1.1 ਕਹਾਣੀਕਾਰ ਨਾਲ ਜਾਣ-ਪਛਾਣ
1.3.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
1.3.3.1.3 ਆਲੋਚਨਾਤਮਕ ਪਰਖ
1.3.3.2 ਮੋਹੜੀ
1.2.3.2.1 ਕਹਾਣੀਕਾਰ ਨਾਲ ਜਾਣ-ਪਛਾਣ
1.2.3.2.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
1.2.3.2.3 ਆਲੋਚਨਾਤਮਕ ਪਰਖ
1.3.3.3 ਸ਼ਹੀਦ
1.3.3.3.1 ਕਹਾਣੀਕਾਰ ਨਾਲ ਜਾਣ-ਪਛਾਣ
1.3.3.3.2 ਕਹਾਣੀ ਦਾ ਸਾਰ /ਵਿਸ਼ਾ-ਵਸਤੂ
1.3.3.3.3 ਆਲੋਚਨਾਤਮਕ ਪਰਖ
1.3.4 ਸਿੱਟਾ
1.3.5 ਅਭਿਆਸ ਲਈ ਪ੍ਰਸ਼ਨ
1.3.6 ਸਹਾਇਕ ਪੁਸਤਕ ਸੂਚੀ

### 1.3.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਮੰਤਵ 'ਕਥਾ ਰੰਗ' ਕਹਾਣੀ ਸੰਗ੍ਰਹਿ ਵਿੱਚ ਸ਼ਾਮਲ ਕਹਾਣੀਕਾਰ ਮਹਿੰਦਰ ਸਿੰਘ ਸਰਨਾ, ਪ੍ਰੇਮ ਪ੍ਰਕਾਸ਼ ਅਤੇ ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆਂ ਬਾਰੇ ਚਰਚਾ ਕਰਨਾ ਹੈ।

### 1.3.2 ਭੂਮਿਕਾ

ਇਸ ਪਾਠ ਵਿਚ ਪੁਸਤਕ 'ਕਥਾ ਰੰਗ' ਦੀਆਂ ਤਿੰਨ ਕਹਾਣੀਆਂ ਇਕ ਬਾਲੜੀ ਦੋ ਪਤਾਸੇ, ਮੋਹੜੀ ਅਤੇ ਸ਼ਹੀਦ ਕਹਾਣੀ ਨੂੰ ਰੱਖਦਿਆਂ ਇਨ੍ਹਾਂ ਦੇ ਸਾਰ ਤੇ ਆਲੋਚਨਾਤਮਕ

ਅਧਿਐਨ ਦਿੱਤੇ ਗਏ ਹਨ।

### 1.3.3 ਪਾਠ ਦੀ ਰੂਪ-ਰੇਖਾ :

### 1.3.3.1 ਇਕ ਬਾਲੜੀ ਦੋ ਪਤਾਸ਼ੇ

### 1.3.3.1.1 ਕਹਾਣੀਕਾਰ ਨਾਲ ਜਾਣ-ਪਛਾਣ :

'ਇਕ ਬਾਲੜੀ ਦੋ ਪਤਾਸੇ' ਕਹਾਣੀ ਮਹਿੰਦਰ ਸਿੰਘ ਸਰਨਾ (1923-2001) ਦੀ ਲਿਖੀ ਹੋਈ ਹੈ। ਉਸ ਦਾ ਜਨਮ ਭਗਵਾਨ ਸਿੰਘ ਦੇ ਘਰ ਰਾਵਲਪਿੰਡੀ ਵਿੱਚ ਹੋਇਆ। ਉਸਨੇ ਦਫ਼ਤਰੀ ਅਮਲੇ ਤੋਂ ਨੌਕਰੀ ਸ਼ੁਰੂ ਕੀਤੀ ਅਤੇ ਤਰੱਕੀ ਕਰਦਾ ਅਕਾਊਂਟੈਂਟ ਜਰਨਲ ਦੇ ਉੱਚ ਅਹੁਦੇ ਤੱਕ ਪਹੁੰਚਿਆ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਮਾਸਕ ਪੱਤਰ 'ਪੰਜ ਦਰਿਆ' ਵਿੱਚ ਪ੍ਰਕਾਸ਼ਿਤ ਹੋਈਆਂ। ਸਭ ਤੋਂ ਪਹਿਲਾ ਕਹਾਣੀ ਸੰਗ੍ਰਹਿ 1950 ਵਿੱਚ ਸਿੱਖ ਪਬਲੀਸ਼ਿੰਗ ਹਾਊਸ ਵੱਲੋਂ ਪ੍ਰਕਾਸ਼ਿਤ ਹੋਇਆ। ਰੂਸੀ ਕਹਾਣੀਕਾਰ ਗੋਰਕੀ ਅਤੇ ਉਰਦੂ ਦੇ ਕਹਾਣੀਕਾਰ ਕ੍ਰਿਸ਼ਨ ਚੰਦਰ ਉਸ ਦੇ ਪ੍ਰੇਰਣਾ ਸਰੋਤ ਬਣੇ, ਜਿਨ੍ਹਾਂ ਤੋਂ ਉਸਨੇ ਸਮਾਜਕ ਅਤੇ ਆਰਥਕ ਚੇਤੰਨਤਾ ਪ੍ਰਾਪਤ ਕੀਤੀ। ਸੈਮਯੂਲ ਸਮਾਈਲਜ਼ ਦੀਆਂ 'ਸੈਲਪ ਹੈਲਪ' ਤੇ 'ਕਰੈਕਟਰ' ਦੋਹਾਂ ਕਿਤਾਬਾਂ ਦੇ ਅਸਰ ਕਾਰਨ ਉਸਨੇ ਮਾਨਵਤਾ ਦੇ ਬੁਨਿਆਦੀ ਸਿਧਾਂਤਾਂ ਅਤੇ ਜ਼ਿੰਦਗੀ ਦੀਆਂ ਨਰੋਈਆਂ ਕਦਰਾਂ-ਕੀਮਤਾਂ ਨੂੰ ਆਪਣੀਆਂ ਕਹਾਣੀਆਂ ਦਾ ਹਿੱਸਾ ਬਣਾਇਆ।

ਸਰਨਾ ਨੇ ਆਪਣੀਆਂ ਕਹਾਣੀਆਂ ਵਿੱਚ ਹਮੇਸ਼ਾ ਇਨਸਾਨੀਅਤ ਦਾ ਪੱਖ ਪੂਰਨ ਦਾ ਯਤਨ ਕੀਤਾ ਹੈ। ਮੱਧ-ਵਰਗੀ ਜੀਵਨ ਦੇ ਤਣਾਓ ਅਤੇ ਵਿਸੰਗਤੀਆਂ ਨੂੰ ਵੀ ਉਸ ਦੀ ਕਹਾਣੀ ਨੇ ਰਚਨਾਤਮਕ ਹੁੰਗਾਰਾ ਭਰਿਆ ਹੈ। ਬਹੁਤ ਸਾਰੀਆਂ ਕਹਾਣੀਆਂ ਵਿੱਚ ਸਮਾਜੀ ਕਟਾਖਸ ਅਤੇ ਵਿਅੰਗ ਨਜ਼ਰ ਆਉਂਦਾ ਹੈ। ਉਸ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਪੱਥਰ ਦੇ ਆਦਮੀ, ਸ਼ਗਨਾਂ ਭਰੀ ਸਵੇਰ, ਸੁਪਨਿਆਂ ਦੀ ਸੀਮਾ, ਵੰਝਲੀ ਅਤੇ ਵਿਲਕਣੀ, ਕਲਿੰਗਾ, ਸੁੰਦਰ ਘਾਟੀ ਦੀ ਸਹੁੰ, ਸੂਹਾ ਲਾਲ - ਸੂਹਾ ਗੁਲਾਬ, ਕਾਲਾ ਬੱਦਲ - ਕੂਲੀ ਧੁੱਪ, ਨਵੇਂ ਯੁੱਗ ਦੇ ਵਾਰਿਸ, ਔਰਤ ਇਮਾਨ। 1994 ਵਿੱਚ ਕਹਾਣੀ ਸੰਗ੍ਰਹਿ 'ਨਵੇਂ ਯੁੱਗ ਦੇ ਵਾਰਿਸ' ਨੂੰ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ।

### 1.3.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

ਸਰਨਾ ਨੇ ਰਹਿੰਦੀਆਂ-ਖੂੰਹਦੀਆਂ ਨੈਤਿਕ ਤੇ ਸਦਾਚਾਰਕ ਅਲੋਪ ਹੋ ਰਹੀਆਂ ਕਦਰਾਂ-ਕੀਮਤਾਂ ਨੂੰ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ। ਉਸ ਦੀ ਮਨੋਵਿਗਿਆਨਕ ਸੂਝ ਜਾਣਦੀ ਹੈ ਕਿ ਕੋਈ ਵੀ ਗੁਨਾਹ ਕਰਨ ਤੋਂ ਪਹਿਲਾਂ ਮਨੁੱਖ ਅੰਦਰ ਲੁਕੀ ਚੰਗਿਆਈ ਉਸ ਨੂੰ ਗੁਨਾਹ ਕਰਨ ਤੋਂ ਰੋਕਦੀ ਹੈ। ਇਹੋ ਹੀ ਕਾਰਨ ਹੈ ਕਿ ਕਈ ਵਾਰ ਮਨੁੱਖ ਆਪਣੀ ਸੰਵੇਦਨਸ਼ੀਲਤਾ ਅਤੇ ਚੇਤਨਾ ਨੂੰ ਸੁੰਨ ਕਰਨ ਲਈ ਸ਼ਰਾਬ ਦੇ ਨਸ਼ੇ ਦਾ ਸਹਾਰਾ ਲੈਂਦਾ ਹੈ।

'ਇਕ ਬਾਲੜੀ ਦੋ ਪਤਾਸੇ' ਕਹਾਣੀ ਵਿੱਚ ਸ਼ਿੰਗਾਰਾ ਸਿੰਘ ਅਤੇ ਆਤੂ ਦਸ ਨੰਬਰੀਆ, ਜ਼ੈਲਦਾਰ ਸੂਬਾ ਸਿੰਘ ਦੇ ਤਬੇਲੇ ਵਿੱਚ ਬੈਠੇ ਹੋਏ ਸ਼ਰਾਬ ਪੀ ਰਹੇ ਹਨ ਅਤੇ ਸ਼ਿੰਗਾਰਾ ਸਿੰਘ ਦੇ ਭਤੀਜੇ (ਜਗੀਰੇ) ਨੂੰ ਕਤਲ ਕਰਨ ਦੇ ਮਨਸੂਬੇ ਘੜ ਰਹੇ ਹਨ ਤਾਂ ਕਿ ਜਗੀਰੇ ਨੂੰ ਮਾਰ ਕੇ ਉਹ ਉਸ ਦੀ ਸਾਰੀ ਜਾਇਦਾਦ ਦਾ ਮਾਲਕ ਬਣ ਜਾਵੇ ਕਿਉਂਕਿ ਸ਼ਿੰਗਾਰਾ ਸਿੰਘ ਦੀ ਆਪਣੀ ਜ਼ਮੀਨ-ਜਾਇਦਾਦ, ਹੀਰਾਬਾਈ ਦੇ ਲੇਖੇ ਲੱਗ ਗਈ ਸੀ। ਸ਼ਿੰਗਾਰਾ ਸਿੰਘ ਦੀ ਪਤਨੀ ਆਪਣੇ ਬੱਚੇ ਨੂੰ ਜਨਮ ਦੇਣ ਵੇਲੇ ਹੀ ਮਰ ਗਈ ਸੀ ਅਤੇ ਉਸਦਾ ਬੱਚਾ ਅੱਠਾਂ ਦਿਨਾਂ ਬਾਅਦ ਗੁਜ਼ਰ ਗਿਆ ਸੀ। ਉਸ ਤੋਂ ਬਾਅਦ ਸ਼ਿੰਗਾਰਾ ਸਿੰਘ ਦਾ ਵਿਆਹ ਨਾ ਹੋਇਆ। ਉਸਨੇ ਆਪਣੀ ਸਾਰੀ ਜ਼ਿੰਦਗੀ ਕੰਜਰਾਂ ਦੇ ਕੋਠਿਆਂ ਤੇ ਬਿਤਾਈ, ਜਿਸ ਕਰਕੇ ਉਹ ਧੇਲੇ-ਧੇਲੇ ਦਾ ਮੁਥਾਜ ਬਣ ਕੇ ਰਹਿ ਗਿਆ ਸੀ।

ਸ਼ਰਾਬ ਪੀਂਦੇ ਸਮੇਂ ਨਸ਼ੇ ਵਿੱਚ ਉਹ ਇਕ ਦੂਜੇ ਨੂੰ ਬੁਜ਼ਦਿਲ ਹੋਣ ਦੇ ਮਿਹਣੇ ਦੇਕੇ ਆਪਣੇ ਅੰਦਰ ਕਤਲ ਕਰ ਸਕਣ ਦੇ ਜਿਗਰੇ ਨੂੰ ਜਗਾ ਰਹੇ ਹਨ ਅਤੇ ਆਪਣੀ ਜ਼ਮੀਰ ਨੂੰ ਸੁਆ ਰਹੇ ਹਨ। ਕਤਲ ਤੇ ਫਾਂਸੀ ਦੀ ਗੱਲ ਕਰਦਿਆਂ ਆਤੂ ਦੇ ਹੱਥ ਕੰਬਦੇ ਹਨ ਅਤੇ ਸ਼ਿੰਗਾਰਾ ਸਿੰਘ ਆਪਣੀ ਪੱਗ ਦੇ

ਲੜ ਨੂੰ ਵਾਰ-ਵਾਰ ਠੀਕ ਕਰਦਾ, ਖੋਲ੍ਹਦਾ ਅਤੇ ਬੰਨ੍ਹਦਾ ਹੈ। ਆਤੂ ਉਸ ਨੂੰ ਅਜਿਹਾ ਮੌਕਾ ਹੱਥੋਂ ਨਾ ਜਾਣ ਦੇਣ ਲਈ, ਹੱਲਾ-ਸ਼ੇਰੀ ਦਿੰਦਾ ਹੈ, ਕਿਉਂਕਿ ਜਗੀਰੇ ਦਾ ਕਾਮਾ ਬਿਮਾਰ ਹੋਣ ਕਰਕੇ ਅੱਜਕੱਲ੍ਹ ਜਗੀਰਾ ਆਪ ਖੂਹ ਤੇ ਸੌਂਦਾ ਹੈ, ਜਿੱਥੇ ਉਸ ਦਾ ਕਤਲ ਕਰਨਾ ਆਸਾਨ ਹੈ। ਪਰ ਸ਼ਿੰਗਾਰੇ ਤੇ ਆਤੂ ਦੇ ਬੋਲ ਅਤੇ ਸਰੀਰਕ ਭਾਸ਼ਾ ਦੱਸਦੀ ਹੈ ਕਿ ਉਨ੍ਹਾਂ ਅੰਦਰ ਵੀ ਕਿਤੇ ਇਨਸਾਨੀਅਤ ਦਾ ਕੋਈ ਅੰਸ਼ ਜਗਦਾ ਹੈ ਜਿਹੜਾ ਉਨ੍ਹਾਂ ਨੂੰ ਗੁਨਾਹ ਕਰਨ ਤੋਂ ਰੋਕ ਰਿਹਾ ਹੈ।

ਜਿਹੜੇ ਤਬੇਲੇ ਵਿੱਚ ਬੈਠੇ ਦੋਨੋਂ ਕਤਲ ਦਾ ਮਤਾ ਪਕਾ ਰਹੇ ਹੁੰਦੇ ਹਨ, ਉਸ ਤਬੇਲੇ ਦੀ ਕੰਧ ਧਰਮਸਾਲ ਨਾਲ ਸਾਂਝੀ ਹੈ। ਕਹਾਣੀ ਵਿੱਚ ਤਬੇਲੇ ਤੇ ਧਰਮਸਾਲ ਦੀ ਕੰਧ ਸਾਂਝੀ ਹੋਣਾ, ਬੰਦੇ ਅੰਦਰ ਲੁਕੀ ਚੰਗਿਆਈ ਤੇ ਬੁਰਾਈ ਦੇ ਐਨ ਨੇੜੇ-ਤੇੜੇ ਹੋਣ ਵੱਲ ਹੀ ਸੰਕੇਤ ਹੈ। ਤਬੇਲੇ ਦੇ ਇੱਕ ਪਾਸੇ ਮੁਰਗੀਖਾਨਾ ਹੈ। ਖੰਭ ਫਟਕਾਉਂਦੀਆਂ ਮੁਰਗੀਆਂ ਵਿੱਚੋਂ ਇੱਕ ਚਿੱਟੇ ਰੰਗ ਦੀ ਮੁਰਗੀ ਧਰਮਸਾਲ ਦੀ ਡਿਉਢੀ ਤੱਕ ਪਹੁੰਚ ਜਾਂਦੀ ਹੈ। ਇੱਕ ਚਾਰ ਸਾਲ ਦੀ ਬੱਚੀ ਜਦੋਂ ਪ੍ਰਸਾਦ ਲੈ ਕੇ ਆਪਣੀ ਮਾਂ ਤੋਂ ਪਹਿਲਾਂ ਡਿਉਢੀ ਵਿੱਚ ਪਹੁੰਚੀ ਤਾਂ ਉਹ ਮੁਰਗੀ ਦੇ ਪਿੱਛੇ-ਪਿੱਛੇ ਤਬੇਲੇ ਅੰਦਰ ਚਲੀ ਜਾਂਦੀ ਹੈ। ਆਤੂ ਤੇ ਸ਼ਿੰਗਾਰੇ ਨੂੰ ਸ਼ਰਾਬ ਪੀਂਦੇ ਦੇਖ ਉਨ੍ਹਾਂ ਨਾਲ ਸਵਾਲ-ਜਵਾਬ ਕਰਦੀ ਹੈ। ਸ਼ਿੰਗਾਰਾ ਸਿੰਘ ਕੁਝ ਨਾ ਬੋਲਿਆ, ਉਹ ਕੁੜੀ ਦੀ ਮਾਸੂਮਤਾ ਅਤੇ ਸਵੱਛਤਾ ਦਾ ਕੀਲਿਆ ਬਿੱਟ-ਬਿੱਟ ਉਹਦੇ ਵੱਲ ਦੇਖਦਾ ਰਿਹਾ। ਆਤੂ ਤੋਂ ਕੌੜੇ ਸ਼ਰਬਤ ਬਾਰੇ ਜਾਣਕੇ ''ਮੈਂ ਮਿੱਠਾ ਪਾ ਦਿਆਂ'' ਕਹਿੰਦੀ ਬੱਚੀ ਉਨ੍ਹਾਂ ਦੇ ਸ਼ਰਾਬ ਦੇ ਗਲਾਸਾਂ ਵਿੱਚ ਇੱਕ ਇੱਕ ਪ੍ਰਸਾਦ ਦਾ ਪਤਾਸਾ ਪਾ ਦਿੰਦੀ ਹੈ। ਬਾਲੜੀ ਦੀ ਇਹ ਮਾਸੂਮ ਹਰਕਤ ਸ਼ਿੰਗਾਰਾ ਸਿੰਘ ਅੰਦਰ ਜਮੀ ਕੁੜੱਤਣ ਨੂੰ ਮਿਠਾਸ ਵਿੱਚ ਬਦਲ ਦਿੰਦੀ ਹੈ। ਉਸ ਅੰਦਰ ਵਾਤਸਲ ਦਾ ਪਥਰਾਇਆ ਜਜ਼ਬਾ ਪਿਘਲਾ ਦਿੰਦੀ ਹੈ, ਉਹ ਫੁੱਟ-ਫੁੱਟ ਕੇ ਰੋਂਦਾ ਹੈ, ਜਿਸ ਨਾਲ ਉਸਦੇ ਮਨ ਦੀ ਸਾਰੀ ਮੈਲ ਧੁਲ ਜਾਂਦੀ ਹੈ ਅਤੇ ਉਹ ਆਤੂ ਨੂੰ ਕਹਿੰਦਾ ਹੈ ਕਿ ਜੇ ਉਸਦਾ ਪੁੱਤਰ ਜੀਉਂਦਾ ਹੁੰਦਾ ਤਾਂ ਅੱਜ ਨੂੰ ਇਸ ਬਾਲੜੀ ਵਰਗੀ ਉਸਦੀ ਪੋਤਰੀ ਹੋਣੀ ਸੀ। ਇਹ ਸੁਣ ਕੇ ਆਤੂ ਉਸਨੂੰ ਆਪਣੇ ਭਤੀਜੇ ਜਗੀਰੇ ਦਾ ਵਿਆਹ ਆਪਣੇ ਹੱਥੀਂ ਕਰਨ ਦੀ ਸਲਾਹ ਦਿੰਦਾ ਹੈ ਤਾਂ ਕਿ ਸ਼ੌਕ ਨਾਲ ਉਸਦੇ ਬੱਚਿਆਂ ਨੂੰ ਖਿਡਾ ਸਕੇ। ਇਸ ਤਰ੍ਹਾਂ ਉਹ ਆਪਣੇ ਵਾਤਸਲ ਦੇ ਅਤ੍ਰਿਪਤ ਜਜ਼ਬੇ ਨੂੰ ਜਗੀਰੇ ਤੇ ਉਸਦੀ ਔਲਾਦ ਨਾਲ ਮੋਹ ਪਾ ਕੇ ਵੀ ਤ੍ਰਿਪਤ ਕਰ ਸਕਦਾ ਹੈ।

ਇਸ ਕਹਾਣੀ ਵਿੱਚ ਲੇਖਕ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਪਤਨੀ ਤੇ ਬੱਚੇ ਦੀ ਮੌਤ ਸ਼ਿੰਗਾਰਾ ਸਿੰਘ ਦੀ ਜ਼ਿੰਦਗੀ ਵਿੱਚ ਇੱਕ ਖਿਲਾਅ ਪੈਦਾ ਕਰ ਦਿੰਦੀ ਹੈ, ਉਸਨੂੰ ਕੋਈ ਸੁੱਖ ਨਹੀਂ ਮਿਲਦਾ ਅਤੇ ਇਨ੍ਹਾਂ ਅੰਦਰਲੇ ਖੱਪਿਆਂ ਨੂੰ ਭਰਨ ਦੀ ਅਸਫ਼ਲ ਕੋਸ਼ਿਸ਼ ਹੀ ਉਸ ਨੂੰ ਖਲਨਾਇਕ ਬਣਨ ਦੇ ਰਸਤੇ ਤੇ ਤੋਰਦੀ ਹੈ। ਕੋਈ ਵੀ ਵਿਅਕਤੀ ਜਮਾਂਦਰੂ ਬੁਰਾ ਨਹੀਂ ਹੁੰਦਾ, ਬਲਕਿ ਹਾਲਾਤ ਉਸ ਨੂੰ ਬੁਰਾ ਬਣਾ ਦਿੰਦੇ ਹਨ।

### 1.3.3.1.3 ਆਲੋਚਨਾਤਮਕ ਪਰਖ :

ਇਸ ਕਹਾਣੀ ਵਿੱਚ ਪੇਸ਼ ਲੇਖਕ ਦੀ ਮਾਨਵਵਾਦੀ ਰਚਨਾ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਮਨੁੱਖ ਅੰਦਰ ਲੁਕੇ ਚੰਗਿਆਈ ਦੇ ਜਜ਼ਬੇ ਨੂੰ ਟੁੰਬਣ ਅਤੇ ਜਗਾਉਣ ਵਿੱਚ ਹੈ। ਜਗੀਰੇ ਨੂੰ ਕਤਲ ਕਰਨ ਦੀ ਸਾਜ਼ਸ਼ ਨਾਲ ਸ਼ੁਰੂ ਹੋਈ ਕਹਾਣੀ ਜਗੀਰੇ ਨੂੰ ਪੁੱਤ ਸਮਝਣ ਦੇ ਸੰਕੇਤ ਨਾਲ ਖ਼ਤਮ ਹੁੰਦੀ ਹੈ। ਇੰਝ ਇਸ ਕਹਾਣੀ ਦਾ ਬਿਰਤਾਂਤਕੀ ਚੱਕਰ 'ਅਸੰਤੁਲਨ ਤੋਂ ਸੰਤੁਲਨ' ਵਾਲਾ ਹੈ। ਬੱਚੀ ਦੇ ਜਾਣ ਤੋਂ ਬਾਅਦ ਸ਼ਿੰਗਾਰਾ ਸਿੰਘ ਦੇ ਸ਼ਬਦ ਹਨ :

> ''ਕੁਸ਼ ਨਾ ਪੁੱਛ ਆਤੂ! ਉਹਨੂੰ ਵੇਖਦਿਆਂ ਸਾਰ ਮੇਰੇ ਅੰਦਰ ਸਭ ਉਲਟ-ਪੁਲਟ ਹੋ ਗਿਆ ਏ। ਕੁਸ਼ ਚੰਗਾ ਚੰਗਾ ਹੋ ਗਿਆ ਮੇਰੇ ਅੰਦਰ, ਇਹੋ ਜਿਹਾ ਪਹਿਲਾਂ ਕਦੀ ਨਹੀਂ ਹੋਇਆ।''

ਇੱਥੇ ਸ਼ਿੰਗਾਰਾ ਸਿੰਘ ਇੱਕ ਪਾਤਰ ਵਜੋਂ ਸਥਿਰ ਦੀ ਥਾਂ ਗਤੀਸ਼ੀਲ ਪਾਤਰ ਹੋ ਨਿਬੜਦਾ ਹੈ। ਕਹਾਣੀਕਾਰ ਪਾਤਰਾਂ ਦੇ ਕੰਮਕਾਰ, ਗੱਲਬਾਤ ਦੇ ਕਿਰਦਾਰ ਦੁਆਰਾ ਹੀ ਆਪਣੀ ਗੱਲ ਕਹਿੰਦਾ ਹੈ।

ਅਖ਼ੀਰ ਵਿੱਚ ਗੂੜ੍ਹਾ ਦੋਸਤ ਆਤੂ ਸ਼ਿੰਗਾਰਾ ਸਿੰਘ ਨੂੰ ਵਧੀਆ ਸਲਾਹ ਦਿੰਦਾ ਹੈ ਅਤੇ ਸੰਕਟ ਤੋਂ ਸਮਾਧਾਨ ਵੱਲ ਦਾ ਬਿਰਤਾਂਤ ਬਣਦਾ ਹੈ।

ਪਾਤਰਾਂ ਦੀ ਬੋਲੀ ਤੇ ਵਾਰਤਾਲਾਪ ਬਹੁਤ ਹੀ ਖਿੱਚ-ਭਰਪੂਰ ਹੈ। ਬੋਲੀ ਪਾਤਰਾਂ ਤੇ ਸਮੇਂ ਮੁਤਾਬਕ ਢੁੱਕਦੀ ਹੈ। ਬੱਚੀ ਦੀ ਬੋਲੀ ਮਿੱਠੀ ਤੇ ਸੁਆਦਲੀ ਹੈ ਜਿਸ ਵਿੱਚੋਂ ਬਚਪਨ ਦੀ ਮਾਸੂਮਤਾ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ, ਜਦੋਂ ਉਹ ਸ਼ਰਾਬ ਨੂੰ ਦੇਖ ਕੇ ਕਹਿੰਦੀ ਹੈ, ''ਤੁਸੀਂ ਸ਼ਰਬਤ ਪਏ ਪੀਂਦੇ ਓ''।

ਕਹਾਣੀ ਦਾ ਸਿਰਲੇਖ ਵਿਸ਼ੇ ਤੇ ਘਟਨਾਵਾਂ ਅਨੁਕੂਲ ਹੈ ਧਰਮਸਾਲ ਵਿੱਚੋਂ ਪਤਾਸਿਆਂ ਦਾ ਪ੍ਰਸ਼ਾਦ ਲੈ ਕੇ ਕੁਕੜੀ ਦੇ ਪਿੱਛੇ-ਪਿੱਛੇ ਤਬੇਲੇ ਵਿੱਚ ਆਈ ਬਾਲੜੀ ਕੌੜੇ ਸ਼ਰਬੱਤ ਨੂੰ ਮਿੱਠਾ ਕਰਨ ਲਈ ਸ਼ਰਾਬ ਦੇ ਗਲਾਸਾਂ ਵਿੱਚ ਇੱਕ-ਇੱਕ ਪਤਾਸਾ ਪਾ ਦਿੰਦੀ ਹੈ। ਅਖ਼ੀਰ ਸ਼ਿੰਗਾਰਾ ਸਿੰਘ ਬਾਲੜੀ ਦੇ ਚਲੇ ਜਾਣ ਤੇ ਵੀ ਦਰਵਾਜ਼ੇ ਵੱਲ ਇੱਕ ਟੱਕ ਦੇਖਦਾ ਰਹਿੰਦਾ ਹੈ ਅਤੇ ਕਹਿੰਦਾ ਹੈ,

''ਆਤੂ, ਉਹ ਬਾਲੜੀ ਪਤਾ ਨਹੀਂ ਕੀ ਕਰ ਗਈ ਏ।''

'ਇਕ ਬਾਲੜੀ ਦੋ ਪਤਾਸੇ' ਕਹਾਣੀ ਵਿੱਚ ਲੇਖਕ ਦਾ ਉਦੇਸ਼ ਬਹੁਤ ਹੀ ਯਥਾਰਥਕ ਅਤੇ ਮਨੋਵਿਗਿਆਨਕ ਹੈ ਕਿ ਕਈ ਵਾਰੀ ਮਨੁੱਖ ਅੰਦਰ ਚੰਗੇ ਜਜ਼ਬੇ ਕਿਸੇ ਹਾਲਾਤ ਕਰਕੇ ਲੁਕੇ ਰਹਿੰਦੇ ਹਨ ਅਤੇ ਉਹ ਜਜ਼ਬੇ ਕਿਸੇ ਵੱਲੋਂ ਟੁੰਬਣ ਕਾਰਨ ਉਭਰਦੇ ਹਨ, ਸੋ ਕਹਾਣੀਕਾਰ ਮਾੜੀ ਸੋਚ ਦੇ ਪਾਤਰਾਂ ਵਿੱਚੋਂ ਚੰਗਿਆਈ ਜਗਾਉਣ ਵਿੱਚ ਕਾਮਯਾਬ ਹੋਇਆ ਹੈ।

### 1.3.3.2 ਮੋਹੜੀ

#### 1.3.3.2.1 ਕਹਾਣੀਕਾਰ ਨਾਲ ਜਾਣ-ਪਛਾਣ

'ਮੋਹੜੀ' ਕਹਾਣੀ ਪ੍ਰੇਮ ਪ੍ਰਕਾਸ਼ ਦੁਆਰਾ ਲਿਖੀ ਗਈ ਹੈ। ਪ੍ਰੇਮ ਪ੍ਰਕਾਸ਼ ਦਾ ਜਨਮ 1932 ਵਿਚ, ਖੰਨਾ, ਜ਼ਿਲ੍ਹਾ ਲੁਧਿਆਣਾ ਵਿਚ ਸ੍ਰੀ ਰਾਮ ਪ੍ਰਸਾਦ ਦੇ ਘਰ ਹੋਇਆ। ਆਪਣੀ ਪੜ੍ਹਾਈ ਪਿੱਛੋਂ ਉਹ ਪੱਤਰਕਾਰੀ ਦੇ ਕਿੱਤੇ ਨਾਲ ਜੁੜ ਗਿਆ। ਉਸਨੇ ਜਲੰਧਰ ਦੇ 'ਹਿੰਦ ਸਮਾਚਾਰ' ਅਖ਼ਬਾਰ ਵਿੱਚ ਉਪ-ਸੰਪਾਦਕ ਵਜੋਂ ਵੀ ਕੰਮ ਕੀਤਾ।

ਉਹ ਆਮ ਵਿਸ਼ਿਆਂ ਤੋਂ ਹਟ ਕੇ ਸੋਚਣ ਵਾਲਾ ਇਨਸਾਨ ਹੈ। ਉਸਦੀ ਧਾਰਣਾ ਹੈ ਕਿ ਬੰਦੇ ਅੰਦਰ ਕਈ ਬੰਦੇ ਲੁਕੇ ਹੁੰਦੇ ਹਨ, ਇਸ ਲਈ ਉਹ ਆਪਣੀਆਂ ਕਹਾਣੀਆਂ ਵਿੱਚ ਦਿਸਦੇ ਦੇ ਓਹਲੇ ਵਿੱਚ ਲੁਕੇ ਮਨੁੱਖ ਨੂੰ ਲੱਭਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਉਸ ਦੇ ਪਾਤਰ ਆਧੁਨਿਕ ਜੀਵਨ ਦੀਆਂ ਗੁੰਝਲਾਂ ਵਿੱਚ ਫਸੇ ਇੱਕ ਜਾਲ ਤੋਂ ਨਿਕਲ ਕੇ ਦੂਜੇ ਵਿੱਚ ਫਸਦੇ ਰਹਿੰਦੇ ਹਨ।

ਪੰਜਾਬ ਵਿੱਚ ਸਿੱਖ ਲੇਖਕਾਂ ਦੀ ਬਹੁ-ਗਿਣਤੀ ਹੋਣ ਕਰਕੇ, ਪੰਜਾਬੀ ਕਹਾਣੀ ਵਿੱਚ ਵੀ ਬਹੁਤੇ ਸਿੱਖ ਕਿਰਦਾਰ, ਅਤੇ ਉਨ੍ਹਾਂ ਨਾਲ ਜੁੜੇ ਸਿੱਖ ਸੰਸਕਾਰ ਪੇਸ਼ ਹੁੰਦੇ ਰਹੇ ਹਨ। ਪ੍ਰੇਮ ਪ੍ਰਕਾਸ਼ ਦੇ ਪੰਜਾਬੀ ਕਹਾਣੀ ਵਿੱਚ ਆਉਣ ਨਾਲ ਪਹਿਲੀ ਵਾਰ ਪੰਜਾਬੀ ਕਹਾਣੀ ਵਿੱਚ ਹਿੰਦੂ ਪਾਤਰ ਅਤੇ ਉਨ੍ਹਾਂ ਨਾਲ ਜੁੜੇ ਸੰਸਕਾਰ ਤੇ ਮਾਨਸਿਕਤਾ ਪੇਸ਼ ਹੋਈ ਹੈ। ਉਸਦੇ ਕਹਾਣੀ ਸੰਗ੍ਰਹਿਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਕੱਚਕੜੇ, ਨਮਾਜੀ, ਮੁਕਤੀ, ਸਵੇਤਾਂਬਰ ਨੇ ਕਿਹਾ ਸੀ, ਪ੍ਰੇਮ ਕਹਾਣੀਆਂ, ਕੁਝ ਅਣਕਿਹਾ ਵੀ, ਰੰਗਮੰਚ ਦੇ ਭਿਖਸ਼ੂ, ਕਥਾ ਅਨੰਤ। 'ਕੁਝ ਅਣਕਿਹਾ ਵੀ', ਕਹਾਣੀ ਸੰਗ੍ਰਹਿ ਨੂੰ 1992 ਵਿੱਚ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

#### 1.3.3.2.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਹੋਰ ਕਹਾਣੀਆਂ ਦੀ ਤਰ੍ਹਾਂ, ਇਸ ਕਹਾਣੀ ਵਿੱਚ ਵੀ ਮਨੁੱਖ ਦੇ ਰਹੱਸਮਈ ਆਪੇ ਦੀਆਂ ਪਰਤਾਂ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਹਾਣੀ ਵਿੱਚ ਲੇਖਕ ਦੱਸਣਾ ਚਾਹੁੰਦਾ ਹੈ ਕਿ ਜਦੋਂ ਮਨੁੱਖ ਦੀ ਮੌਤ ਦਾ ਸਮਾਂ ਨੇੜੇ ਹੁੰਦਾ ਹੈ ਤਾਂ ਉਸ ਦੀ ਇੱਛਾ ਆਪਣੇ ਜੱਦੀ ਪਿੰਡ ਨੂੰ ਜਾਣ ਦੀ ਹੁੰਦੀ ਹੈ। ਮਨੁੱਖ ਨੂੰ ਨੇੜੇ ਆ ਰਹੀ ਮੌਤ ਦਾ ਡਰ ਉਸ ਦੇ ਆਉਣ

ਵਾਲੇ ਸਮੇਂ ਨੂੰ ਅਸੁਰੱਖਿਅਤ ਬਣਾ ਦਿੰਦਾ ਹੈ ਤਾਂ ਮਨੁੱਖ ਆਪਣੀਆਂ ਪੁਰਾਣੀਆਂ ਯਾਦਾਂ ਵਿੱਚੋਂ ਸੁਰੱਖਿਆ ਲੱਭਦਾ ਹੈ।

ਬਚਪਨ ਤੇ ਜਵਾਨੀ ਵਿੱਚ ਮਨੁੱਖ ਵੱਧ ਸੰਵੇਦਨਸ਼ੀਨ ਹੁੰਦਾ ਹੈ ਅਤੇ ਇਸ ਉਮਰੇ ਉਹ ਬਹੁਤ ਸਾਰੀਆਂ ਪ੍ਰਾਪਤੀਆਂ ਵੀ ਕਰਦਾ ਹੈ। ਉਨ੍ਹਾਂ ਨਾਲ ਜੁੜੀਆਂ ਮੋਹ ਦੀਆਂ ਤੰਦਾਂ ਉਸ ਨੂੰ ਸਾਰੀ ਉਮਰ ਆਪਣੇ ਵੱਲ ਖਿੱਚਦੀਆਂ ਰਹਿੰਦੀਆਂ ਹਨ, ਪਰ ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ, ਇਹ ਖਿੱਚ ਘਟਦੀ ਜਾਂਦੀ ਹੈ ਤੇ ਵਧਦੀ ਉਮਰ ਦੇ ਨਾਲ-ਨਾਲ ਮਨੁੱਖ ਨੂੰ ਵਰਤਮਾਨ ਨਾਲੋਂ ਅਤੀਤ ਵਿੱਚ ਗਵਾਚਣਾ ਵੱਧ ਸੁੱਖ ਤੇ ਸ਼ਾਂਤੀ ਦਿੰਦਾ ਹੈ। ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਮਨੁੱਖ ਅਕਸਰ ਜੱਦੀ ਥਾਂ ਤੋਂ ਦੂਰ ਜਾਂਦਾ ਹੈ ਤਾਂ ਪਹਿਲੀਆਂ ਪੀੜ੍ਹੀਆਂ ਨੂੰ ਤਾਂ ਪਿੱਛੇ ਦਾ ਵੈਰਾਗ ਤੇ ਹੇਰਵਾ ਸਤਾਉਂਦਾ ਹੈ, ਪਰ ਉਨ੍ਹਾਂ ਦੀ ਅਗਲੀ ਔਲਾਦ ਨਵੀਂ ਥਾਂ ਨਾਲ ਹੀ ਅਪਣਤ ਦਾ ਨਾਤਾ ਜੋੜ ਲੈਂਦੀ ਹੈ।

ਇਸ ਕਹਾਣੀ ਵਿੱਚ ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਪਿੰਡ ਵਸਾਉਣ ਲਈ ਮੋਹੜੀ ਭਾਵੇਂ ਕੋਈ ਗੱਡੇ, ਸਮਾਂ ਬੀਤਣ ਦੇ ਨਾਲ ਉਸ ਥਾਂ ਦੀ ਮਲਕੀਅਤ ਕਿਸੇ ਹੋਰ ਦੀ ਹੋ ਜਾਂਦੀ ਹੈ। ਇਹ ਹੋਣੀ ਇੱਕ ਪਿੰਡ ਦੀ ਵੀ ਹੋ ਸਕਦੀ ਹੈ ਤੇ ਇੱਕ ਮੁਲਕ ਦੀ ਵੀ। ਪੁਰਾਣੇ ਨੇ ਢਹਿਣਾ ਅਤੇ ਨਵੇਂ ਨੇ ਉਸਰਨਾ ਹੀ ਹੈ।

ਇਸ ਕਹਾਣੀ ਦਾ ਨਾਇਕ ਕਿਸ਼ਨ ਲਾਲ ਜਦੋਂ ਦਿੱਲੀ ਤੋਂ ਆਪਣੇ ਜੱਦੀ ਪਿੰਡ ਪਹੁੰਚ ਕੇ ਆਪਣੇ ਵਡੇਰਿਆਂ ਵੱਲੋਂ ਗੱਡੀ ਮੋਹੜੀ ਦੇਖਦਾ ਹੈ ਤਾਂ ਉਸ ਥਾਂ ਤੋਂ ਉਸ ਨੂੰ ਦਿੱਲੀ ਦੇ ਖੰਡਰਾਂ ਵਰਗੀ ਬਾਸ ਆਉਂਦੀ ਹੈ। ਉਹ ਪੁਰਾਣੀਆਂ ਯਾਦਾਂ ਵਿੱਚ ਖੋ ਜਾਂਦਾ ਹੈ ਕਿ ਕਿਸ ਤਰ੍ਹਾਂ ਅੱਤਵਾਦੀ ਘਟਨਾਵਾਂ ਨੇ ਇਹੋ ਪਿੰਡ ਉਸ ਦੇ ਫਿਰਕੇ ਦੇ ਲੋਕਾਂ ਲਈ ਓਪਰਾ ਤੇ ਪਰਾਇਆ ਬਣਾ ਦਿੱਤਾ ਸੀ। ਉਸਦੇ ਤਾਏ ਦੇ ਛੋਟੇ ਬੇਟੇ ਸ਼ੰਕਰ ਨੂੰ ਸ਼ਿਵਾਲੇ ਵਿੱਚ ਹੀ ਮਾਰ ਦਿੱਤਾ ਗਿਆ ਅਤੇ ਸਮਿਆਂ ਦੀ ਦਹਿਸ਼ਤ ਨੇ ਹੀ ਤਾਏ ਦੇ ਵੱਡੇ ਬੇਟੇ ਮੁਕੰਦੀ ਨੂੰ ਪਾਗਲ ਕਰ ਦਿੱਤਾ ਅਤੇ ਉਹ ਮੁਕੰਦੇ ਮੰਜੇ ਤੇ ਪਿਆ ਸਾਰਾ ਦਿਨ ਹੱਥ-ਪੈਰ ਮਾਰਦਾ ਰਹਿੰਦਾ। ਜੇ ਕਦੇ ਮੁਕੰਦੀ ਘਰੋਂ ਬਾਹਰ ਜਾਣ ਦੀ ਇੱਛਾ ਜ਼ਾਹਰ ਕਰਦਾ ਤਾਂ ਉਸਦਾ ਬੇਟਾ ਮੱਦੀ ਸ਼ਰਮ ਦਾ ਮਾਰਾ ਉਸਨੂੰ ਬਾਹਰ ਨਾ ਜਾਣ ਦਿੰਦਾ।

ਕਿਸ਼ਨ ਲਾਲ ਚੁਬਾਰੇ ਦੇ ਜੰਗਲੇ ਵਿੱਚ ਦਾਦੇ ਦੀ ਕੁਰਸੀ ਤੇ ਬੈਠਾ ਆਲੇ-ਦੁਆਲੇ ਦੇਖਦਾ ਤੇ ਯਾਦਾਂ ਤਾਜ਼ਾ ਕਰਦਾ ਹੈ। ਸਾਹਮਣੇ ਬੰਦ ਪਏ ਘਰ ਦਾ ਤੇਜੂ ਜੋ ਉਸਦੇ ਦਾਦੇ ਦੀ ਬਹੁਤ ਸੇਵਾ ਕਰਦਾ ਸੀ, ਆਪਣੇ ਮੁੰਡਿਆਂ ਕੋਲ ਵਲਾਇਤ ਚਲਾ ਗਿਆ ਅਤੇ ਕੁਝ ਸਾਲ ਬਾਅਦ ਆਪਣੇ ਜੱਦੀ ਮਕਾਨ ਨੂੰ ਸਵਾਰਨ ਲਈ ਵਲੈਤ ਤੋਂ ਪਿੰਡ ਆਉਂਦਾ ਰਿਹਾ ਪਰ ਹੁਣ ਉਹ ਆਉਣ ਜੋਗਾ ਨਾ ਰਿਹਾ ਅਤੇ ਉਹਦੇ ਪੁੱਤਰਾਂ ਨੂੰ ਇਸ ਮਕਾਨ ਦੀ ਕੋਈ ਲੋੜ ਨਹੀਂ ਸੀ।

ਕਿਸ਼ਨ ਲਾਲ ਦੇ ਦਾਦੇ ਦੀ ਆਖ਼ਰੀ ਇੱਛਾ ਸੀ ਕਿ ਉਸਦਾ ਸੰਸਕਾਰ ਖੇਤ ਵਿੱਚ ਖੂਹ ਦੇ ਨੇੜੇ ਕੀਤਾ ਜਾਵੇ ਅਤੇ ਉੱਥੇ ਕੋਈ ਛਾਂ ਵਾਲਾ ਦਰੱਖ਼ਤ ਲਾਇਆ ਜਾਵੇ। ਉਸ ਸਮੇਂ ਕਿਸ਼ਨ ਲਾਲ ਨੂੰ ਇਹ ਗੱਲ ਬੜੀ ਅਜੀਬ ਲੱਗੀ ਕਿ ਮਰੇ ਬੰਦੇ ਨੂੰ ਇਸ ਗੱਲ ਦਾ ਕੀ, ਕਿ ਉਸਨੂੰ ਕਿੱਥੇ ਫੂਕਿਆ ਜਾਣਾ ਹੈ, ਪਰ ਵਧਦੀ ਉਮਰ ਦੇ ਨਾਲ ਕਿਸ਼ਨ ਨੂੰ ਉਹ ਸਭ ਕੁਝ ਸਮਝ ਆਉਣ ਲੱਗਾ। ਇਸੇ ਤਰ੍ਹਾਂ ਹੀ ਬੰਤੇ ਸਿਆਲਕੋਟੀਏ ਦੀ ਰੀਝ ਸੀ ਕਿ ਉਹ ਮਰਨ ਤੋਂ ਪਹਿਲਾਂ ਇੱਕ ਵਾਰੀ ਪਾਕਿਸਤਾਨ ਵਿਚਲਾ ਆਪਣਾ ਜੱਦੀ ਘਰ ਵੇਖ ਕੇ ਆਵੇ।

ਕਿਸ਼ਨ ਲਾਲ ਦੇ ਘਰ ਦੇ ਨੇੜੇ ਦਾ ਵੱਡਾ ਦਰਵਾਜ਼ਾ ਹਾਈਕੋਰਟ ਦੇ ਫ਼ੈਸਲੇ ਮੁਤਾਬਕ ਜਦੋਂ ਸਰਕਾਰੀ ਅਮਲੇ ਨੇ ਢਾਹੁਣਾ ਸ਼ੁਰੂ ਕੀਤਾ ਤਾਂ ਲੋਕ ਆਪਣੀਆਂ ਛੱਤਾਂ ਤੇ ਚੜ੍ਹ ਕੇ ਵੇਖਣ ਲੱਗੇ। ਉਸ ਦੀਆਂ ਵੱਡੀਆਂ-ਵੱਡੀਆਂ ਢਿੱਗਾਂ ਡਿਗਦੀਆਂ ਤਾਂ ਸਾਰੇ ਪਾਸੇ ਧੂੜ ਫੈਲ ਜਾਂਦੀ। ਚੌੜੀ ਕੰਧ ਵਿੱਚ ਨਿੰਮ ਦੀਆਂ ਜੜ੍ਹਾਂ ਨੇ ਇੱਟਾਂ ਨੂੰ ਪੂਰੀ ਤਰ੍ਹਾਂ ਵਲਿਆ ਹੋਇਆ ਸੀ, ਉਹ ਦਰਵਾਜ਼ਾ ਬਹੁਤ ਸਾਰੇ ਗਰੀਬਾਂ ਤੇ ਮੰਗਤਿਆਂ ਲਈ ਆਸਰਾ ਸੀ। ਜਦੋਂ ਪ੍ਰਧਾਨ ਨੇ ਉਨ੍ਹਾਂ ਦੇ ਭਾਂਡੇ ਤੇ ਗੋਦੜੇ ਬਾਹਰ ਸੁੱਟੇ ਤਾਂ ਉਹ ਦੁਰ-ਅਸੀਸਾਂ ਦਿੰਦੇ ਅੱਡੇ ਵੱਲ ਤੁਰ ਪਏ। ਸਮਾਨ ਕੱਢਦੇ ਸਮੇਂ ਇੱਕ ਗੋਦੜੇ ਵਿੱਚੋਂ ਇੱਕ ਬੰਦਾ ਨਿਕਲਿਆ ਜੋ ਮਰਨ ਕਿਨਾਰੇ ਸੀ। ਉਸ ਨੂੰ ਵੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੋ ਗਈ, ਸਾਰਾ

ਕੰਮ ਰੁਕ ਗਿਆ। ਲੋਕਾਂ ਨੇ ਉਸਨੂੰ ਗੰਦੇ ਕੱਪੜਿਆਂ ਵਿੱਚੋਂ ਕੱਢ ਕੇ ਲਿੱਪੇ ਹੋਏ ਚੌਂਤਰੇ ਤੇ ਲਿਟਾ ਦਿੱਤਾ। ਪਿੰਡ ਦਾ ਵਿਸ਼ਨੂੰ ਪਰੋਹਤ ਉਸ ਕੋਲ ਬੈਠ ਕੇ ਗੀਤਾ ਦਾ ਪਾਠ ਕਰਨ ਲੱਗ ਪਿਆ। ਪਿੰਡ ਦੇ ਹਕੀਮ ਤੋਂ ਪਤਾ ਲੱਗਿਆ ਕਿ ਇਸ ਦਾ ਨਾਂ ਜਗਤਰਾਮ ਹੈ, ਉਹ ਹਕੀਮ ਕੋਲ ਦਵਾਈਆਂ ਕੁੱਟਦਾ ਹੁੰਦਾ ਸੀ ਤੇ ਉਸ ਦੀ ਇੱਛਾ ਸੀ ਉਸਨੇ ਆਪਣੇ ਮੁੰਡਿਆਂ ਕੋਲ ਨਹੀਂ ਮਰਨਾ ਤੇ ਨਾ ਹੀ ਨੂੰਹਾਂ ਪੁੱਤਰਾਂ ਦਾ ਦਿੱਤਾ ਖਾਣਾ ਹੈ। ਜਦੋਂ ਪਰੋਹਤ ਗੀਤਾ ਦਾ ਪਾਠ ਕਰਦਾ-ਕਰਦਾ ਰੁਕ ਗਿਆ ਤਾਂ ਲਾਸ਼ ਤੇ ਕਫ਼ਨ ਪਾ ਦਿੱਤਾ ਗਿਆ। ਇਸਦਾ ਪਰਿਵਾਰ ਹੱਲਿਆਂ ਵੇਲੇ ਪਿੰਡ ਛੱਡ ਕੇ ਚਲਾ ਗਿਆ ਸੀ ਪਰ ਜਗਤ ਰਾਮ ਨੂੰ ਇਹ ਮਿੱਟੀ ਤੇ ਉਹਦੇ ਗ੍ਰਹਿ ਇਸ ਥਾਂ ਖਿੱਚ ਲਿਆਏ ਸੀ। ਸਾਰੇ ਪਿੰਡ ਵਾਲਿਆਂ ਨੇ ਰਲ ਕੇ ਸੰਸਕਾਰ ਦੀ ਤਿਆਰੀ ਕੀਤੀ। ਸ਼ਮਸ਼ਾਨ ਘਾਟ ਵਿੱਚ ਹਰ ਚੀਜ਼ ਤਿਆਰ ਪਈ ਸੀ। ਰਘੂ ਪਾਂਧੇ ਵੱਲੋਂ ਸਾਰੀਆਂ ਰਸਮਾਂ ਨਿਭਾਈਆਂ ਗਈਆਂ ਅਤੇ ਇੱਕ ਨਕਲੀ ਪੁੱਤਰ ਵੱਲੋਂ ਕਪਾਲ ਕਿਰਿਆ ਕੀਤੀ ਗਈ। ਪਾਂਧਾ, ਨਕਲੀ ਪੁੱਤਰ ਨੂੰ ਬਿਠਾ ਕੇ ਆਖ਼ਰੀ ਪਿੰਡ ਉਹਦੇ ਹੱਥਾਂ ਤੇ ਧਰ ਕੇ – ''ਜਗਤ ਰਾਮੇ ਅਨਾਮ ਗੋਤਰੇ, ਅਨਾਮ ਪਿੱਤਰੇ, ਅਨਾਮ ਸਥਾਨੇ'' ਆਖ ਕੇ ਪਿੰਡ ਛੁਡਾ ਦਿੰਦਾ ਹੈ। ਲੋਕਾਂ ਦੇ ਮੁੜਨ ਤੋਂ ਪਹਿਲਾਂ ਉੱਥੇ ਤਿੰਨ-ਚਾਰ ਕਾਰਾਂ ਆਉਂਦੀਆਂ ਹਨ, ਮਰਨ ਵਾਲੇ ਦੇ ਪੁੱਤਰ, ਪੋਤਰੇ ਤੇ ਸਾਕ ਉਤਰ ਕੇ ਚੁੱਪ-ਚਾਪ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਹਨ। ਉਸ ਦੇ ਦੋ ਬੇਟੇ ਜੋ ਲੁਧਿਆਣੇ ਵਕੀਲ ਸਨ, ਹੱਥਾਂ ਵਿੱਚ ਨੋਟਾਂ ਦੀਆਂ ਥਹੀਆਂ ਚੁੱਕੀ ਫਿਰਦੇ ਹਨ ਪਰ ਇੰਨੀ ਭੀੜ ਵਿੱਚ ਕੁਛ ਪਤਾ ਨਹੀਂ ਚਲਦਾ ਕਿ ਕੀ ਹੋਇਆ ਤੇ ਕੀਹਨੇ ਕੀ ਕੀਤਾ।

ਜਦੋਂ ਸਾਰੇ ਲੋਕ ਮੁੜ ਕੇ ਪਿੰਡ ਪਹੁੰਚੇ ਤਾਂ ਦਰਵਾਜ਼ਾ ਪੂਰੀ ਤਰ੍ਹਾਂ ਢਿਹਾ ਪਿਆ ਸੀ। ਕਿਸ਼ਨ ਲਾਲ ਸੋਚਦਾ ਹੈ ਕਿ ਬੇਸ਼ਕ ਇਸ ਦਰਵਾਜ਼ੇ ਨੇ ਕਦੇ ਆਪ ਹੀ ਡਿੱਗ ਪੈਣਾ ਸੀ ਤੇ ਇਹਦੇ ਮਲਬੇ ਹੇ ਠ ਬਹੁਤੇ ਲੋਕਾਂ ਦੀਆਂ ਜਾਨਾਂ ਖ਼ਤਮ ਹੋ ਜਾਂਦੀਆਂ ਪਰ ਫੇਰ ਵੀ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਪੁਰਖਿਆਂ ਦੀ ਕੋਈ ਨਾ ਕੋਈ ਨਿਸ਼ਾਨੀ ਜ਼ਰੂਰ ਰੱਖ ਲੈਣੀ ਚਾਹੀਦੀ ਹੈ।

ਜ਼ਮੀਨ ਦੇ ਵਧੇ ਹੋਏ ਭਾਅ ਨੂੰ ਦੇਖਦੇ ਹੋਏ ਕਈ ਵਾਰੀ ਕਿਸ਼ਨ ਲਾਲ ਦੇ ਛੋਟੇ ਭਰਾ ਨੇ ਉਸ ਨਾਲ ਖੋਲਾ ਵੇਚਣ ਦੀ ਗੱਲ ਕੀਤੀ ਪਰ ਕਿਸ਼ਨ ਲਾਲ ਟਾਲਦਾ ਰਿਹਾ। ਜਦੋਂ ਸਵੇਰੇ ਉਹਦਾ ਭਰਾ ਉਸ ਨੂੰ ਗੱਡੀ ਚੜ੍ਹਾਉਣ ਆਇਆ ਤਾਂ ਉਹਨੇ ਦੁਬਾਰਾ ਖੋਲੇ ਨੂੰ ਵੇਚਣ ਦੀ ਗੱਲ ਤੋਰੀ ਤਾਂ ਕਿਸ਼ਨ ਲਾਲ ਉਸਨੂੰ ਦੱਸਦਾ ਹੈ ਕਿ ਇਹ ਪਿੰਡ ਉਨ੍ਹਾਂ ਦੇ ਬਜ਼ੁਰਗਾਂ ਨੇ ਵਸਾਇਆ ਸੀ, ਬੇਸ਼ਕ ਉਸ ਦੀ ਜ਼ਮੀਨ ਵੀ ਹੁਣ ਇਸ ਪਿੰਡ ਵਿੱਚ ਨਹੀਂ ਸੀ ਰਹੀ ਅਤੇ ਉਹ ਖੋਲਾ ਵੀ ਉਸਦੇ ਕਿਸੇ ਕੰਮ ਦਾ ਨਹੀਂ, ਪਰ ਉਹ ਫੇਰ ਵੀ ਉਸਨੂੰ ਵੇਚਣਾ ਨਹੀਂ ਚਾਹੁੰਦਾ। ਉਹ ਆਪਣੇ ਭਰਾ ਨੂੰ ਖੋਲੇ ਦਾ ਮੁਖ਼ਤਿਆਰਨਾਮਾ ਉਸਦੇ ਨਾਂ ਹੀ ਕਰਵਾ ਦੇਣ ਬਾਰੇ ਤੇ ਉਸ ਨੂੰ ਹੀ ਸਾਂਭਣ ਲਈ ਕਹਿ ਦਿੰਦਾ ਹੈ।

ਕਹਾਣੀ ਦੇ ਅੰਤ ਤੇ ਕਿਸ਼ਨ ਲਾਲ ਪਿੰਡ ਨਾਲੋਂ ਸੁਚੇਤ ਤੌਰ ਤੇ ਨਾਤਾ ਤੋੜ ਲੈਣ ਦਾ ਐਲਾਨ ਕਰਦਿਆਂ ਵੀ ਆਪਣੇ ਪਿੰਡ ਵਿਚਲੇ ਖੋਲੇ ਨੂੰ ਨਾ ਵੇਚਣ ਦੀ ਘੁੰਢੀ ਪਾਈ ਰੱਖਦਾ ਹੈ।

### 1.3.3.2.3 ਆਲੋਚਨਾਤਮਕ ਪਰਖ

ਪ੍ਰੇਮ ਪ੍ਰਕਾਸ਼ ਨੇ ਮੋਹੜੀ ਕਹਾਣੀ ਰਾਹੀਂ ਇੱਕ ਵੱਡੇ ਸੱਚ ਨੂੰ ਬਿਆਨ ਕੀਤਾ ਹੈ। ਕਹਾਣੀ ਵਿੱਚ ਦਿੱਲੀ ਦੇ ਵੀਰਾਨ ਖੰਡਰਾਂ, ਰਾਜਿਆਂ ਦੇ ਦਰਬਾਰਾਂ, ਹੁੰਦੇ ਮਹਾਂਯੁੱਧਾਂ ਦੇ ਚਿਹਨ ਤੋਂ ਇਹ ਸੱਚ ਉਘੜਦਾ ਹੈ ਕਿ ਮੁੜ-ਮੁੜ ਵਸਣਾ ਤੇ ਮੁੜ-ਮੁੜ ਨਵੇਂ ਥਾਵਾਂ ਤੇ ਵਸਣ ਲਈ ਉਜੜਨਾ ਵੀ ਮਨੁੱਖ ਦੀ ਹੋਣੀ ਹੀ ਹੈ। ਕਹਾਣੀ ਵਿੱਚ ਤੇਜੂ ਮਿਸਤਰੀ ਤੇ ਜਗਤ ਰਾਮ ਦੇ ਮੁੰਡਿਆਂ ਦਾ ਵੇਰਵਾ ਇਸੇ ਪੱਖ ਦਾ ਸੰਕੇ ਤ ਹੈ। ਇੱਥੋਂ ਤੱਕ ਕਿ ਪਾਤਰਾਂ ਦੇ ਨਾਂ ਜਿਵੇਂ ਜਗਤ ਰਾਮ 'ਜਗਤ' ਦਾ ਹੀ ਚਿਹਨ ਹੈ। ਜਗਤ ਰਾਮ ਦੇ ਹਵਾਲੇ ਨਾਲ ਕਹਾਣੀ ਸੰਸਾਰ ਦੀ ਨਾਸ਼ਮਾਨਤਾ ਵੱਲ ਸੰਕੇਤ ਕਰਦੀ ਹੋਈ ਇਹ ਸਵਾਲ ਉਠਾਉਂਦੀ ਹੈ ਕਿ ਇਸ ਸੰਸਾਰ ਉਪਰ ਕੋਈ ਵੀ ਚਿਰ-ਸਦੀਵੀ ਨਹੀਂ ਹੈ। ਕਹਾਣੀ ਵਿਚਲੀਆਂ ਸਾਰੀਆਂ ਘਟਨਾਵਾਂ ਸਥਿਤੀ ਅਨੁਕੂਲ ਹਨ। ਜਗਤਰਾਮ ਦੀ ਮੌਤ ਸਮੇਂ ਪਿੰਡ ਵਾਲਿਆਂ ਵੱਲੋਂ ਇੱਕ ਲਾਵਾਰਸ ਲਈ ਰਲ ਕੇ ਕੀਤੀਆਂ ਸਾਰੀਆਂ ਰਸਮਾਂ ਇੱਕ ਅਪਣੱਤ ਨੂੰ ਦਰਸਾਉਂਦੀਆਂ ਹਨ ਕਿ ਕਿਵੇ ਂ ਲੋੜ ਪੈਣ ਤੇ ਹਰ ਵਸਤੂ ਆਪੇ ਜੁੜ ਜਾਂਦੀ ਹੈ।

ਲੇਖਕ ਆਪਣੇ ਉਦੇਸ਼ ਅਨੁਸਾਰ ਵਾਤਾਵਰਨ ਸਿਰਜਣ ਵਾਲੀ ਵਿਸ਼ੇਸ਼ ਪ੍ਰਕਾਰ ਦੀ ਸ਼ਬਦਾਵਲੀ ਦਾ ਇਸਤੇਮਾਲ ਕਰਦਾ ਹੈ, ਜਿਵੇਂ ਕਿ ਕਿਸ਼ਨ ਲਾਲ ਦੇ ਜਮਾਤੀ ਤਿਲਕੂ ਜੋਤਸ਼ੀ ਦੁਆਰਾ ਕਹੇ ਸ਼ਬਦ,

''ਬੰਦੇ ਦੀ ਕੁੰਡਲੀ ਹੁੰਦੀ ਐਂ, .............! ਪਤਾ ਨਹੀਂ ਕਿਹੜਾ ਗ੍ਰਹਿ ਖਿੱਚ ਕੇ ਕਿੱਥੇ ਲੈ ਜਾਂਦੈ ਬੰਦੇ ਨੂੰ ਕੁਝ ਮਿੱਟੀ ਖਿੱਚਦੀ ਐ ਤੇ ਕੁਝ ਗ੍ਰਹਿ ਧੱਕਦੇ ਨੇ।''

ਲੇਖਕ ਨੇ ਹਰ ਪਾਤਰ ਨਾਲ ਜੁੜੇ ਸੰਸਕਾਰ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਸਨੇ ਕਹਾਣੀ ਵਿੱਚ ਉੱਤਮ-ਪੁਰਖੀ ਬਿਰਤਾਂਤ ਵਿਧੀ ਦੀ ਵਰਤੋਂ ਕੀਤੀ ਹੈ। ਪਾਤਰਾਂ ਦੇ ਅੰਦਰ ਲੁਕੇ ਸੱਚ ਨੂੰ ਅਤੇ ਮਨ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਣ ਵਿੱਚ ਵਿਲੱਖਣਤਾ ਪ੍ਰਾਪਤ ਕੀਤੀ ਹੈ।

ਕਹਾਣੀ ਦਾ ਸਿਰਲੇਖ ਢੁੱਕਵਾਂ ਹੈ। ਪਿੰਡ ਬੰਨ੍ਹਣ ਵੇਲੇ ਬਜ਼ੁਰਗਾਂ ਵੱਲੋਂ ਗੱਡੀ ਮੋਹੜੀ (ਕਿੱਲਾ) ਸਮੇਂ ਦੇ ਬੀਤਣ ਨਾਲ ਕਿਸੇ ਹੋਰ ਦੀ ਮਲਕੀਅਤ ਬਣ ਸਕਦੀ ਹੈ ਤੇ ਉਸ ਵਿੱਚੋਂ ਖੰਡਰਾਂ ਵਰਗੀ ਬਾਸ ਵੀ ਆਉਂਦੀ ਹੈ ਪਰ ਫੇਰ ਵੀ ਮਨੁੱਖ ਆਪਣੇ ਜੱਦੀ ਥਾਂ ਤੋਂ ਟੁੱਟਣਾ ਨਹੀਂ ਚਾਹੁੰਦਾ। ਇਸੇ ਕਰਕੇ ਕਹਾਣੀਕਾਰ ਨੇ ਇਸ ਕਹਾਣੀ ਵਿੱਚ ਮਨੁੱਖ ਨੂੰ ਇੱਕ ਗੁੰਝਲਦਾਰ ਬੁਝਾਰਤ ਕਿਹਾ ਹੈ, ਜਿਸ ਦੀਆਂ ਘੁੰਢੀਆਂ ਜਾਂ ਗੁੰਝਲਾਂ ਖੋਲ੍ਹਣ ਦੇ ਯਤਨਾਂ ਦੇ ਬਾਵਜੂਦ ਇਸ ਦੀ ਹੋਂਦ ਤੇ ਹੋਣੀ ਦਾ ਅੰਤਮ ਸਿਰਾ ਹੱਥ ਨਹੀਂ ਆਉਂਦਾ।

## 1.3.3.3 ਸ਼ਹੀਦ

### 1.3.3.3.1 ਕਹਾਣੀਕਾਰ ਨਾਲ ਜਾਣ-ਪਛਾਣ :

'ਸ਼ਹੀਦ' ਕਹਾਣੀ ਗੁਲਜਾਰ ਸਿੰਘ ਸੰਧੂ ਦੀ ਲਿਖੀ ਹੋਈ ਹੈ। ਸੰਧੂ ਦਾ ਜਨਮ ਸ੍ਰ. ਹਰੀ ਸਿੰਘ ਦੇ ਘਰ ਪਿੰਡ ਕੋਟਲਾ ਬਡਲੀ, ਜ਼ਿਲ੍ਹਾ ਲੁਧਿਆਣਾ ਵਿੱਚ 1935 ਈ. ਨੂੰ ਹੋਇਆ। ਅੰਗ੍ਰੇਜ਼ੀ ਦੀ ਐਮ.ਏ . ਕਰਨ ਤੋਂ ਬਾਅਦ ਉਸਨੇ ਕੁਝ ਸਾਲ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਫੇਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਬਤੌਰ ਅਧਿਆਪਕ ਕੰਮ ਕੀਤਾ। ਬੇਸ਼ਕ ਉਸਨੇ ਹੋਰ ਸਾਹਿਤ ਰੂਪਾਂ ਵਿੱਚ ਵੀ ਹੱਥ ਅਜ਼ਮਾਇਆ ਪਰ ਉਸਦੀ ਵਿਸ਼ੇਸ਼ ਪਛਾਣ ਇੱਕ ਕਹਾਣੀਕਾਰ ਵਜੋਂ ਹੀ ਹੋਈ।

ਸੰਧੂ ਮਾਨਵਵਾਦੀ ਰਚਨਾ-ਦ੍ਰਿਸ਼ਟੀ ਦਾ ਧਾਰਨੀ ਹੈ। ਉਸਨੇ ਕਿਰਸਾਣੀ ਜੀਵਨ ਅਤੇ ਸ਼ਹਿਰੀ ਮੱਧ-ਵਰਗ ਦੇ ਜੀਵਨ ਸਰੋਕਾਰਾਂ ਨੂੰ ਆਪਣੀ ਰਚਨਾ ਵਸਤੂ ਬਣਾਇਆ ਹੈ। ਉਸ ਦੀਆਂ ਕਹਾਣੀਆਂ ਮੁੱਖ ਤੌਰ ਤੇ ਉਸ ਪਰਿਵਰਤਨ ਦੀ ਝਲਕ ਪੇਸ਼ ਕਰਨ ਦਾ ਯਤਨ ਕਰਦੀਆਂ ਹਨ, ਜਿਹੜਾ ਪੰਜਾਬ ਵਿੱਚ ਉਦਯੋਗੀਕਰਨ, ਬਾਜ਼ਾਰੀਕਰਨ ਅਤੇ ਆਧੁਨਿਕ ਗਿਆਨ-ਵਿਗਿਆਨ ਦੇ ਪ੍ਰਭਾਵ ਨਾਲ ਵਾਪਰਦਾ ਹੈ।

ਉਸਦੀ ਕਹਾਣੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ : ਹੁਸਨ ਦੇ ਹਾਣੀ, ਸੋਨੇ ਦੀ ਇੱਟ, ਅਮਰਕਥਾ, ਗਮਲੇ ਦੀ ਵੇਲ, ਇੱਕ ਸਾਂਝ ਪੁਰਾਣੀ, ਰੁਦਨ ਬਿੱਲੀਆਂ ਦਾ। ਉਸਦੇ ਕਹਾਣੀ ਸੰਗ੍ਰਹਿ 'ਅਮਰਕਥਾ' ਨੂੰ 1982 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ।

### 1.3.3.3.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

'ਸ਼ਹੀਦ' ਕਹਾਣੀ ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਸਮੇਂ ਸਰਹੱਦ ਦੇ ਦੋਵੀਂ ਪਾਸੀਂ ਵੱਖਰੀ ਦਿੱਖ ਅਤੇ ਵੱਖਰੇ ਧਾਰਮਿਕ ਵਿਸ਼ਵਾਸ ਦੇ ਧਾਰਨੀ ਬੇਗੁਨਾਹ ਲੋਕਾਂ ਦੇ ਕਤਲੇਆਮ ਦੀ ਹਕੀਕਤ ਨੂੰ ਬਿਆਨ ਕਰਦੀ ਹੈ। ਕਹਾਣੀ ਪੜ੍ਹ ਕੇ ਪਾਠਕ ਦੇ ਮਨ ਵਿੱਚ ਕਈ ਤਰ੍ਹਾਂ ਦੇ ਸਵਾਲ ਉਠਦੇ ਹਨ, ਜਿਵੇ ਂ ਕਿ ਅਸਲੀ ਸ਼ਹੀਦ ਕੌਣ ਹੈ? ਧਾਰਮਿਕ ਹੋਣ ਦੀ ਅਸਲੀ ਪਛਾਣ ਕੀ ਹੈ? ਪੰਜ ਕਕਾਰ ਪੁਆ ਕੇ ਮੁਸਲਮਾਨਾਂ ਨੂੰ ਸਿੱਖ ਬਣਾਉਣ ਦਾ ਅਮਲ ਕਿੰਨਾ ਕੁ ਧਾਰਮਿਕ ਹੈ? ਇਸਦਾ ਵਿਅੰਗ-ਭਾਵ ਆਪਣੀ ਜਾਨ ਬਚਾਉਣ ਲਈ ਕਕਾਰ ਪਾਕੇ ਅੰਮ੍ਰਿਤ ਦੀ ਥਾਂ ਝਟਕੇ ਦੀ ਬੋਟੀ ਮੂੰਹ ਵਿੱਚ ਪਾਕੇ 'ਹਿੰਦੂ-ਸਿੱਖ ਭਰਾਵਾਂ' ਨੂੰ ਵਿਸ਼ਵਾਸ ਦਿਵਾਉਂਦੇ ਸੁੰਨੀ ਮੁਸਲਮਾਨਾਂ ਦੇ ਡਰ-ਸਹਿਮੇਬੋਲਾਂ ਵਿੱਚੋਂ ਸਹਿਜ ਸੁਭਾ ਪ੍ਰਗਟ ਹੋ ਜਾਂਦਾ ਹੈ - ''ਅਸੀਂ ਪਹਿਲਾਂ ਵੀ ਹਿੰਦੂ ਹੀ ਸੀ, ਸਹੁਰੇ ਔਰੰਗਜ਼ੇਬ ਨੇ ਸਾਨੂੰ ਜ਼ਬਰਦਸਤੀ ਮੁਸਲਮਾਨ ਬਣਾ ਦਿੱਤਾ ਸੀ'', ਠੀਕ ਹੀ ਹੈ ਕਿ ਹਿੰਦੂ ਸਿੱਖ ਪਾੜੇ ਤੋਂ ਸਦੀਆਂ ਪਹਿਲਾਂ ਲੋਕ ਸਿਰਫ਼ ਇਨਸਾਨ ਹੀ ਸਨ। ਇਹ ਵਿੱਥਾਂ ਤਾਂ ਅਸੀਂ ਮਗਰੋਂ ਪਾਈਆਂ ਹਨ। ਕਹਾਣੀ ਦੇ ਸ਼ੁਰੂ ਵਿੱਚ ਹੀ ਸ਼ਹੀਦਾਂ ਅਤੇ ਤਕੀਏ ਵਿਚਕਾਰ ਇੱਕ ਖੇਤ ਦੀ ਵਿੱਥ ਹੋਣਾ ਦੱਸਦਾ ਹੈ ਕਿ ਅਸੀਂ ਇੱਕ ਦੂਜੇ ਤੋਂ ਵੱਖਰੇ ਤੇ ਵਿੱਥ ਤੇ ਹੋਕੇ ਵੀ ਨੇੜੇ-ਨੇੜੇ ਰਹਿੰਦੇ ਰਹੇ ਹਾਂ। ਸ਼ਹੀਦ ਕਾਫ਼ੀ ਕਰਾਮਾਤੀ ਸਮਝੇ

ਜਾਂਦੇ ਹਨ ਅਤੇ ਪਿੰਡ ਵਾਲੇ ਕੋਈ ਕੰਮ ਕਰਨ ਤੋਂ ਪਹਿਲਾਂ ਸ਼ਹੀਦਾਂ ਤੇ ਪ੍ਰਸਾਦ ਸੁੱਖਦੇ।

ਮੈਂ ਪਾਤਰ ਤੇ ਉਸਦਾ ਦੋਸਤ ਨੂਰਾ ਜਦੋਂ ਤਕੀਏ ਵਿੱਚ ਅੰਬੀ ਦੇ ਬੂਟੇ ਥੱਲੇ ਪੜ੍ਹ ਰਹੇ ਹੁੰਦੇ ਹਨ ਤਾਂ ਨੂਰੇ ਦੀ ਭੈਣ ਰਹਿਮਤੇ ਸ਼ਹੀਦਾਂ ਵਾਲੇ ਖੇਤ ਵਿੱਚੋਂ ਚਰੀ ਵੱਢ ਰਹੀ ਹੁੰਦੀ ਹੈ। ਪਾਤਰ ਨੂੰ ਰਹਿਮਤੇ ਦੇ ਹੱਥ ਵਿੱਚ ਮੋਰ ਦਾ ਖੰਭ ਦਿਸਦਾ ਹੈ ਤਾਂ ਉਹ ਖੰਭ ਲੈਣ ਲਈ ਉਸ ਨਾਲ ਖਹਿਬੜਦਾ ਹੈ ਤਾਂ ਰਹਿਮਤੇ ਗੁੱਸੇ ਵਿੱਚ ਖੰਭ ਸੁੱਟ ਕੇ, ਭਰੀ ਚੁੱਕ ਕੇ ਪਿੰਡ ਵੱਲ ਚਲੀ ਜਾਂਦੀ ਹੈ। ਪਾਤਰ ਜਦੋਂ ਵਾਪਸ ਤਕੀਏ ਵਿੱਚ ਆਉਂਦਾ ਹੈ ਤਾਂ ਨੂਰਾ ਤੇ ਉਸਦਾ ਪਿਤਾ ਬਦਰੂ ਨੂੰ ਗਲਾਂ ਵਿੱਚ ਪੀਲੇ ਪਟਕੇ ਪਾਕੇ ਸ਼ਾਮ ਦੀ ਨਮਾਜ਼ ਪੜ੍ਹਦੇ ਦੇਖ ਕੇ ਬਹੁਤ ਹੈਰਾਨ ਹੁੰਦਾ ਹੈ, ਕਿਉਂਕਿ ਦੋ ਦਿਨ ਪਹਿਲਾਂ ਨਿਹੰਗ ਸਿੰਘ ਐਲਾਨ ਕਰ ਗਏ ਸਨ ਕਿ ਉਹੀਓ ਮੁਸਲਮਾਨ ਹਿੰਦੁਸਤਾਨ ਵਿੱਚ ਰਹਿ ਸਕਦੇ ਹਨ ਜੋ ਸਿੱਖ ਬਨਣਗੇ। ਇਸੇ ਲਈ ਪਿੰਡ ਦੀ ਧਰਮਸਾਲ ਵਿੱਚ ਡੇਢ ਸੌ ਕੜੇ, ਕੰਘੇ, ਕੱਛੇ ਤੇ ਖੰਡੇ ਅਤੇ ਪੀਲੇ ਪਟਕੇ ਮੰਗਵਾਏ ਅਤੇ ਜਾਣ-ਬੁੱਝ ਕੇ ਕੜਾਹ-ਪ੍ਰਸਾਦ ਦੀ ਥਾਂ ਝਟਕੇ ਵਾਲਾ ਬੱਕਰੇ ਦਾ ਮੀਟ ਖੁਆ ਕੇ ਮੁਸਲਮਾਨਾਂ ਨੂੰ ਅੰਮ੍ਰਿਤ ਛਕਾਇਆ। ਅੰਮ੍ਰਿਤ ਛਕਾਉਂਦੇ ਹੋਏ ਆਪਣੇ ਬਾਬੇ ਨੂੰ ਪਾਤਰ ਨੇ ਗਹੁ ਨਾਲ ਦੇਖਿਆ ਕਿ ਆਪ ਬਾਬੇ ਨੇ ਕਿਰਪਾਨ ਦੀ ਥਾਂ ਖੂੰਡਾ ਹੀ ਰੱਖਿਆ ਹੋਇਆ ਹੈ।

ਮੁਸਲਮਾਨਾਂ ਦੇ ਕਈ ਪਰਿਵਾਰਾਂ ਨੇ ਅੰਮ੍ਰਿਤ ਨਹੀਂ ਛਕਿਆ ਕਿਉਂਕਿ ਉਨ੍ਹਾਂ ਨੇ ਪਾਕਿਸਤਾਨ ਜਾਣ ਦਾ ਫ਼ੈਸਲਾ ਕਰ ਲਿਆ ਸੀ। ਪਰ ਬਦਰੂ ਦੇ ਪਰਿਵਾਰ ਨੂੰ ਕੰਘੇ, ਕੜੇ, ਕੱਛੇ ਤੇ ਪਟਕੇ ਘਰ ਹੀ ਪਹੁੰਚਾ ਦਿੱਤੇ ਗਏ, ਕਿਉਂਕਿ ਉਹ ਪਾਤਰ ਦੇ ਪਿਤਾ ਦਾ ਦੋਸਤ ਤੇ ਭਲਾ ਲੋਕ ਸੀ ਅਤੇ ਉਨ੍ਹਾਂ ਨੇ ਹੋਰਾਂ ਨੂੰ ਝੂਠ ਹੀ ਕਹਿ ਦਿੱਤਾ ਕਿ ਬਦਰੂ ਨੇ ਝਟਕੇ ਦੀ ਬੋਟੀ ਮੂੰਹ ਵਿੱਚ ਪਾ ਕੇ ਅੰਮ੍ਰਿਤ ਛਕ ਲਿਆ। ਇਸੇ ਕਰਕੇ ਪਾਤਰ ਦੇ ਸਾਹਮਣੇ ਉਹ ਨਮਾਜ਼ ਪੜ੍ਹਨ ਤੋਂ ਗੁਰੇਜ਼ ਨਹੀਂ ਕਰਦਾ ਕਿਉਂਕਿ ਉਹ ਉਸਦਾ ਪੁਰਾਣਾ ਵਿਦਿਆਰਥੀ ਵੀ ਹੈ ਤੇ ਨੂਰੇ ਦਾ ਪੱਕਾ ਦੋਸਤ ਵੀ। ਉਸ ਦੀ ਨਮਾਜ਼ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ''ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ'' ਦੇ ਜੈਕਾਰੇ ਸੁਣਾਈ ਦੇਣ ਲੱਗੇ। ਸਾਰੇ ਡਰ ਕੇ ਪਿੰਡ ਵੱਲ ਭੱਜ ਤੁਰੇ। ਨੂਰਾ ਔਖੜ ਕੇ ਡਿੱਗ ਪਿਆ ਅਤੇ ਪਿੱਛੇ ਰਹਿ ਗਿਆ। ਇੰਨੇ ਵਿੱਚ ਇੱਕ ਨੀਲੇ ਕੱਪੜਿਆਂ ਵਾਲੇ ਨੇ ਚਿਲਕਦੀ ਹੋਈ ਬਰਛੀ ਨੂਰੇ ਦੇ ਢਿੱਡ ਵਿੱਚ ਖੋਭ ਦਿੱਤੀ। ਉਸਦਾ ਪਿਤਾ ਪੀਲਾ ਪਟਕਾ ਤੇ ਕੜਾ ਵਿਖਾਉਂਦਾ ਹੱਥ ਜੋੜ ਕੇ ਮਿੰਨਤਾਂ ਕਰਦਾ ਰਹਿ ਗਿਆ, ਪਰ ਉਸ ਦੇ ਵੀ ਹੱਥ ਤੇ ਲੱਤ ਕੱਟ ਦਿੱਤੀ। ਜਦੋਂ ਪਾਤਰ ਵੱਲ ਇਸ਼ਾਰਾ ਕੀਤਾ ਤਾਂ ਉਨ੍ਹਾਂ ਵਿੱਚੋਂ ਕਿਸੇ ਨਿਹੰਗ ਨੇ ਉਸਨੂੰ ਭੁਜੰਗੀ ਦੱਸਿਆ ਅਤੇ ਆਪਣੇ ਘੋੜੇ ਤੇ ਬਿਠਾ ਲਿਆ।

ਮੈਂ ਪਾਤਰ ਦਹਿਲ ਨਾਲ ਬੇਹੋਸ਼ ਹੋ ਗਿਆ। ਪਾਤਰ ਨੂੰ ਹੋਸ਼ ਆਇਆ ਤਾਂ ਉਹ ਮਾਂ ਦੀ ਗੋਦੀ ਵਿੱਚ ਸੀ ਤੇ ਹੋਸ਼ ਆਉਣ ਤੇ ਨੂਰੇ ਦੀਆਂ ਭੈਣਾਂ ਬਾਰੇ ਪੁੱਛਦਾ ਹੈ ਤਾਂ ਮਾਂ ਦੇ ਦੱਸਣ ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਜੱਥੇ ਵਾਲੇ ਚੁੱਕ ਕੇ ਲੈ ਗਏ। ਪਾਤਰ ਦੇ ਬਾਬੇ ਦੇ ਪੱਕੇ ਦੋਸਤ ਘਣਸ਼ਾਮ ਨੂੰ ਵੀ ਕੋਈ, ਉਸ ਸਮੇਂ ਮਾਰ ਗਿਆ, ਜਦੋਂ ਉਹ ਕਿਸੇ ਮੁਸਲਮਾਨ ਸਾਥੀ ਨੂੰ ਪੀਲਾ ਪਟਕਾ ਦੇਣ ਜਾ ਰਿਹਾ ਸੀ।

ਇੰਨੇ ਕਤਲੇਆਮਾਂ ਤੋਂ ਬਾਅਦ ਤੇ ਮੈਂ ਪਾਤਰ ਦੇ ਠੀਕ ਹੋਣ ਦੀ ਸੁੱਖ ਲਈ ਸਾਰਾ ਪਰਿਵਾਰ ਸ਼ਹੀਦਾਂ ਤੇ ਪ੍ਰਸਾਦ ਚੜ੍ਹਾਉਣ ਜਾਂਦਾ ਹੈ। ਅਰਦਾਸ ਕਰਦਿਆਂ ਉਸਦੇ ਬਾਬੇ ਦੀ ਆਵਾਜ਼ ਕੰਬ ਰਹੀ ਸੀ, ਉਨ੍ਹਾਂ ਤੋਂ ਅਰਦਾਸ ਵੀ ਪੂਰੀ ਨਾ ਹੋਈ, ਪਾਤਰ ਦੇ ਬਾਪੂ ਜੀ ਨੇ ਅਰਦਾਸ ਪੂਰ ਚੜ੍ਹਾਈ। ਬਾਪੂ ਦੇ ਕਹਿਣ ਤੇ ਪਾਤਰ ਨੇ ਪੰਜਾਂ ਸ਼ਹੀਦਾਂ ਦੀਆਂ ਸਮਾਧੀਆਂ ਤੇ ਪ੍ਰਸਾਦ ਦਾ ਭੋਗ ਰੱਖਿਆ ਅਤੇ ਮੱਥਾ ਟੇਕਿਆ ਤਾਂ ਬਾਬੇ ਨੇ ਤਕੀਏ ਵੱਲ ਇਸ਼ਾਰਾ ਕਰਕੇ ਉਸ ਨੂੰ ਸਾਈਂ ਦੀ ਕਬਰ ਤੇ ਵੀ ਪ੍ਰਸਾਦ ਚੜ੍ਹਾਉਣ ਲਈ ਕਿਹਾ ਕਿਉਂਕਿ ਬਾਬੇ ਦਾ ਖ਼ਿਆਲ ਸੀ ਕਿ ਕਲ੍ਹ ਨੂੰ ਸਮਾਧੀਆਂ ਦੀ ਥਾਂ ਕਬਰਾਂ ਬਲੀ ਨਿਕਲ ਸਕਦੀਆਂ ਹਨ ਕਿਉਂਕਿ ਇੰਨੇ ਘੱਲੂਘਾਰੇ ਵਿੱਚ ਵੀ ਉਹ ਮੁਸਲਮਾਨ ਬਚ ਗਏ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਸੀ ਛਕਿਆ ਅਤੇ ਉਹ ਪਾਕਿਸਤਾਨ ਜਾਣਾ ਚਾਹੁੰਦੇ ਸਨ।

ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਦੇ ਮਨ ਵਿੱਚ ਇਹ ਸ਼ੰਕਾ ਪੈਦਾ ਹੁੰਦੀ ਹੈ ਕਿ ਹਰ ਮੁਸ਼ਕਿਲ ਤੋਂ ਪਾਰ ਜਾਣ ਲਈ ਜਿਨ੍ਹਾਂ ਕਰਾਮਾਤੀ ਸ਼ਹੀਦਾਂ ਦੀਆਂ ਸਮਾਧਾਂ ਤੇ ਅਰਦਾਸ ਕਰਕੇ ਓਟ-ਆਸਰਾ ਲਿਆ ਜਾਂਦਾ ਹੈ, ਉਹੋ ਸ਼ਹੀਦ ਆਪਣੇ ਧਰਮ ਦੀ ਓਟ ਵਿੱਚ ਆਏ ਸਿੱਖ ਬਣ ਗਏ ਮੁਸਲਮਾਨਾਂ

ਦੀ ਰੱਖਿਆ ਕਿਉਂ ਨਾ ਕਰ ਸਕੇ। ਇਸ ਕਹਾਣੀ ਵਿੱਚ ਸੰਧੂ ਨੇ ਲੜੇ ਗਏ ਅਤੇ ਲੜੇ ਜਾਣ ਵਾਲੇ ਤਥਾਂ ਕਥਿਤ ਧਰਮ-ਯੁੱਧਾਂ ਵਿੱਚ ਜੀਵਨ ਅਰਪਿਤ ਕਰਨ ਜਾਂ ਕਰਵਾਉਣ ਤੋਂ ਸੁਚੇਤ ਕੀਤਾ ਹੈ।

### 1.3.3.3.3 ਆਲੋਚਨਾਤਮਕ ਪਰਖ

'ਸ਼ਹੀਦ' ਕਹਾਣੀ ਵਿੱਚ ਗੁਲਜ਼ਾਰ ਸੰਧੂ ਮਨੁੱਖੀ ਮਨ ਦੀਆਂ ਤੈਹਾਂ ਫਰੋਲਣ ਵਿੱਚ ਸਫ਼ਲ ਹੋਇਆ ਹੈ। ਉਸ ਦੀ ਕਹਾਣੀ ਵਿਚਲੇ ਪਾਤਰ ਅਤੇ ਘਟਨਾਵਾਂ ਜਾਣੇ-ਪਛਾਣੇ ਅਤੇ ਸਾਡੀ ਜ਼ਿੰਦਗੀ ਦਾ ਹਿੱਸਾ ਲੱਗਦੇ ਹਨ। ਕਹਾਣੀ ਪੜ੍ਹਦੇ ਸਮੇਂ ਨੂਰੇ-ਰਹਿਮਤੇ ਅਤੇ ਬਾਬੇ ਦਾ ਮੁਹਾਂਦਰਾ ਸਾਨੂੰ ਆਪਣੇ ਹੀ ਪਰਿਵਾਰ ਵਰਗਾ ਲੱਗਦਾ ਹੈ ਅਤੇ ਇਨ੍ਹਾਂ ਪਾਤਰਾਂ ਰਾਹੀਂ ਉਹ ਕਿਸੇ ਸਾਧਾਰਣ ਨੁਕਤੇ ਦੀ ਅਹਿਮੀਅਤ ਉਜਾਗਰ ਕਰਨ ਦਾ ਯਤਨ ਕਰਦਾ ਹੈ।

ਸੰਜਮਤਾ, ਸੰਖੇਪਤਾ, ਸਹਿਜਤਾ ਅਤੇ ਸੰਕੇਤਕਤਾ ਉਸ ਦੀ ਬਿਰਤਾਂਤ-ਸਿਰਜਣਾ ਦੇ ਵਿਸ਼ੇਸ਼ ਗੁਣ ਹਨ। ਸ਼ਹੀਦ ਕਹਾਣੀ ਪਾਠਕ ਦੇ ਮਨ ਵਿੱਚ ਕਈ ਤਰ੍ਹਾਂ ਦੇ ਸਵਾਲ ਪੈਦਾ ਕਰਦੀ ਹੈ। ਉਸ ਦੀਆਂ ਕਹਾਣੀਆਂ ਨਾਟਕੀ ਆਦਿ, ਮੱਧ ਅਤੇ ਅੰਤ ਵਾਲੀਆਂ ਨਹੀਂ ਹੁੰਦੀਆਂ। ਕਹਾਣੀ ਨੂੰ ਸਹਿਜ ਢੰਗ ਨਾਲ ਸ਼ੁਰੂ ਕਰਦਾ ਹੈ। ਉਸ ਨਾਲ ਜੁੜੇ ਵੇਰਵਿਆਂ ਨੂੰ ਰੁਚੀ ਨਾਲ ਬਿਆਨ ਕਰਦਾ ਜਾਂਦਾ ਹੈ। ਉਸ ਦੀ ਕਹਾਣੀ ਕਿਸੇ ਨਾਟਕੀ ਅੰਤ ਵਾਲੀ ਨਹੀਂ ਹੈ। ਕਹਾਣੀ ਦੀ ਬੋਲੀ ਮਲਵਈ ਉਪਭਾਸ਼ਾ ਦੀ ਰੰਗਣ ਵਾਲੀ ਹੈ ਪਰ ਜ਼ਿਆਦਾ ਕੇਂਦਰੀ ਭਾਸ਼ਾ ਦੇ ਨੇੜੇ ਹੈ। ਕਹਾਣੀ ਵਿੱਚ ਬਿੰਬ ਤੇ ਪ੍ਰਤੀਕਾਂ ਦੀ ਭਰਮਾਰ ਨਜ਼ਰ ਨਹੀਂ ਆਉਂਦੀ ਸਗੋਂ ਉਹ ਸਰਲ ਬੋਲੀ ਰਾਹੀਂ ਆਪਣੀ ਗੱਲ ਕਹਿੰਦਾ ਹੈ।

ਕਹਾਣੀ ਦਾ ਸਿਰਲੇਖ ਢੁੱਕਵਾਂ ਹੈ। 'ਮਹਾਨ ਕੋਸ਼' ਅਨੁਸਾਰ ਇੱਕ 'ਸ਼ਹੀਦ' ਦਾ ਅਰਥ ਸ਼ਹਾਦਤ ਦੇਣ ਵਾਲਾ ਜਾਂ ਗਵਾਹ ਹੈ ਅਤੇ ਸੰਗਿਆ ਵਜੋਂ ਸ਼ਹੀਦ ਦਾ ਅਰਥ ਅਜਿਹਾ ਕੰਮ ਕਰਨ ਵਾਲਾ ਹੈ, ਜਿਸ ਦੀ ਲੋਕ ਸਾਖੀ ਦੇਣ ਜਾਂ ਧਰਮ ਯੁੱਧ ਵਿੱਚ ਜਿਸਨੇ ਜੀਵਨ ਅਰਪਿਆ ਹੋਵੇ। ਗੁਲਜ਼ਾਰ ਸੰਧੂ ਨੇ ਇਸ ਕਹਾਣੀ ਰਾਹੀਂ ਧਾਰਮਿਕ ਕੱਟੜਤਾ ਦੇ ਖ਼ਿਲਾਫ਼ ਸੁੱਚੇ ਮਾਨਵੀ ਮੁੱਲਾਂ ਦੇ ਹੱਕ ਵਿੱਚ ਡਟਵੀਂ ਕਲਾਤਮਕ ਗਵਾਹੀ ਦਿੱਤੀ ਹੈ।

### 1.3.4 ਸਿੱਟਾ

ਕਹਾਣੀ 'ਇਕ ਬਾਲੜੀ' ਦੋ ਪਤਾਸੇ' ਵਿਚ ਲੇਖਕ ਦੁਆਰਾ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਮਨੁੱਖ ਅੰਦਰ ਲੁੱਕੇ ਚੰਗਿਆਈ ਦੇ ਜਜਬੇ ਨੂੰ ਜਗਾਉਣਾ ਮੁੱਖ ਹੈ। ਦੂਜੀ ਕਹਾਣੀ 'ਮੋਹੜੀ' ਵਿੱਚ ਦਿੱਲੀ ਦੇ ਵੀਰਾਨ ਖੰਡਰਾਂ, ਰਾਜਿਆਂ ਦੇ ਦਰਬਾਰਾਂ ਆਦਿ ਦੇ ਚਿਹਨ ਤੋਂ ਮੁੜ-ਮੁੜ ਵਸਨਾ ਤੇ ਉਜੜਨਾ ਨੂੰ ਮਨੁੱਖ ਦੀ ਹੋਣੀ ਨਾਲ ਜੋੜਿਆ ਹੈ। 'ਸ਼ਹੀਦ' ਕਹਾਣੀ ਵਿੱਚ ਲੇਖਕ ਮਨੁੱਖੀ ਮਨ ਦੀਆਂ ਤੇਹਾਂ ਫਰੋਲਣ ਦੀ ਕੋਸ਼ਿਸ਼ ਕਰਦਾ ਹੈ।

### 1.3.5 ਅਭਿਆਸ ਲਈ ਸੰਖੇਪ ਪ੍ਰਸ਼ਨ

1. ਸ਼ਿੰਗਾਰਾ ਸਿੰਘ ਤੇ ਆਤੂ ਤਬੇਲੇ ਵਿੱਚ ਬੈਠੇ ਕੀ ਯੋਜਨਾ ਬਣਾਉਂਦੇ ਹਨ?
2. ਸ਼ਿੰਗਾਰਾ ਸਿੰਘ ਧੇਲੇ-ਧੇਲੇ ਦਾ ਮੁਥਾਜ ਕਿਉਂ ਹੈ?
3. ਛੋਟੀ ਬਾਲੜੀ ਤਬੇਲੇ ਵਿੱਚ ਕਿੱਥੋਂ ਅਤੇ ਕਿਵੇਂ ਆਈ?
4. ਔਰਤ ਤੇ ਔਲਾਦ ਦੀ ਅਣਹੋਂਦ ਦਾ ਸ਼ਿੰਗਾਰਾ ਸਿੰਘ ਦੀ ਸ਼ਖ਼ਸੀਅਤ ਉੱਪਰ ਕਿਹੋ ਜਿਹਾ ਪ੍ਰਭਾਵ ਪਿਆ?
5. 'ਕੌੜੇ ਸ਼ਰਬਤ' ਨੂੰ ਪਤਾਸੇ ਪਾਕੇ ਮਿੱਠੇ ਕਰਨ ਦੀ ਬਾਲੜੀ ਦੀ ਮਾਸੂਮ ਹਰਕਤ ਦਾ ਸ਼ਿੰਗਾਰਾ ਸਿੰਘ ਉੱਪਰ ਕੀ ਅਸਰ ਪਿਆ?
4. ਬੰਦਾ ਜਦ ਮਰਨ ਕਿਨਾਰੇ ਹੁੰਦਾ ਹੈ ਤਾਂ ਉਹ ਆਪਣੇ ਜੱਦੀ ਪਿੰਡ ਕਿਉਂ ਜਾਣਾ ਚਾਹੁੰਦਾ ਹੈ?
5. ਮੋਹੜੀ ਕਹਾਣੀ ਵਿੱਚ ਤੇਜੂ ਮਿਸਤਰੀ ਨਾਲ ਸੰਬੰਧਿਤ ਵੇਰਵਾ ਆਪਣੇ ਸ਼ਬਦਾਂ ਵਿੱਚ ਲਿਖੋ?
6. ਮੋਹੜੀ ਸ਼ਬਦ ਦਾ ਕੀ ਅਰਥ ਹੈ?

7. ਪ੍ਰੇਮ ਪ੍ਰਕਾਸ਼ ਦੇ ਚਾਰ ਕਹਾਣੀ ਸੰਗ੍ਰਹਿਆਂ ਦੇ ਨਾਂ ਲਿਖੋ।
8. 'ਸ਼ਹੀਦ' ਸ਼ਬਦ ਦੇ ਕੀ ਅਰਥ ਹਨ? ਇਨ੍ਹਾਂ ਅਰਥਾਂ ਦਾ ਕਹਾਣੀ ਦੇ ਵਿਸ਼ੇ ਨਾਲ ਕੀ ਸੰਬੰਧ ਹੈ?
9. ਹਮਲਾਵਰ ਜੱਥੇ ਨੇ ਬਦਰੂ ਅਤੇ ਉਸਦੇ ਪਰਿਵਾਰ ਨਾਲ ਕੀ ਸਲੂਕ ਕੀਤਾ?
10. ਬਾਬਾ ਜੀ ਨੇ ਤਕੀਏ ਵਾਲੀ ਕਬਰ ਤੇ ਵੀ ਪ੍ਰਸ਼ਾਦ ਚੜ੍ਹਾਉਣ ਲਈ ਕਿਉਂ ਕਿਹਾ?
11. 'ਸ਼ਹੀਦ' ਕਹਾਣੀ ਸਾਧਾਰਣ ਪਾਠਕ ਦੇ ਮਨ ਵਿੱਚ ਸ਼ੰਕਾ ਤੇ ਤਰਕ ਦਾ ਬੀਜ ਵੀ ਸੁੱਟਦੀ ਹੈ', ਇਸ ਕਥਨ ਦੇ ਹੱਕ ਵਿੱਚ ਦਲੀਲਾਂ ਦਿਉ।

## 1.3.6 ਸਹਾਇਕ ਪੁਸਤਕ ਸੂਚੀ

ਕਥਾ ਰੰਗ (ਸੰਪਾ.) – ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਸਿੰਘ ਚੀਮਾ

ਰਜਨੀਸ਼ ਬਹਾਦਰ ਸਿੰਘ – (ਸੰਪਾ.), ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਪਾਠਗਤ ਵਿਸ਼ਲੇਸ਼ਣ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004।

**Updated On : June 28, 2023**



**ਪਾਠ ਨੰਬਰ : 1.4** **ਲੇਖਿਕਾ : ਡਾ. ਹਰਜੋਤ ਕੌਰ**

# ਜਿਊਣ ਜੋਗੇ, ਮੂਨ ਦੀ ਅੱਖ ਅਤੇ ਇੱਕੀਵੀਂ ਸਦੀ ਕਹਾਣੀਆਂ ਦਾ ਸਾਰ


1.4.1 ਪਾਠ ਦਾ ਉਦੇਸ਼
1.4.2 ਭੂਮਿਕਾ
1.4.3 ਪਾਠ ਦੀ ਰੂਪ ਰੇਖਾ
- 1.4.3.1 ਜਿਊਣ ਜੋਗੇ
  - 1.4.3.1.1 ਕਹਾਣੀਕਾਰ ਨਾਲ ਜਾਣ-ਪਛਾਣ
  - 1.4.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
  - 1.4.3.1.3 ਆਲੋਚਨਾਤਮਕ ਪਰਖ
- 1.4.3.2 ਮੂਨ ਦੀ ਅੱਖ
  - 1.4.3.2.1 ਕਹਾਣੀਕਾਰ ਨਾਲ ਜਾਣ-ਪਛਾਣ
  - 1.4.3.2.2 ਕਹਾਣੀ ਦਾ ਸਾਰ /ਵਿਸ਼ਾ-ਵਸਤੂ
  - 1.4.3.2.3 ਆਲੋਚਨਾਤਮਕ ਪਰਖ
- 1.4.3.3 ਇੱਕੀਵੀਂ ਸਦੀ
  - 1.4.3.3.1 ਕਹਾਣੀਕਾਰ ਨਾਲ ਜਾਣ-ਪਛਾਣ
  - 1.4.3.3.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
  - 1.4.3.3.3 ਆਲੋਚਨਾਤਮਕ ਪਰਖ

1.4.4 ਸਿੱਟਾ
1.4.5 ਅਭਿਆਸ ਲਈ ਪ੍ਰਸ਼ਨ
1.4.6 ਸਹਾਇਕ ਪੁਸਤਕ ਸੂਚੀ


## 1.4.1 ਪਾਠ ਦਾ ਮੰਤਵ

ਇਸ ਪਾਠ ਦਾ ਮੰਤਵ 'ਕਥਾ ਰੰਗ' ਕਹਾਣੀ ਸੰਗ੍ਰਹਿ ਵਿੱਚ ਸ਼ਾਮਲ ਕਹਾਣੀਕਾਰ ਸੁਖਵੰਤ ਕੌਰ ਮਾਨ, ਮੋਹਨ ਭੰਡਾਰੀ ਅਤੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਬਾਰੇ ਚਰਚਾ ਕਰਨਾ ਹੈ।

## 1.4.2 ਭੂਮਿਕਾ

ਇਸ ਪਾਠ ਵਿਚ ਕਹਾਣੀਆਂ ਜਿਉਣ ਜੋਗ, ਮੂਨ ਦੀ ਅੱਖ ਅਤੇ ਇੱਕਵੀਂ ਸਦੀ, ਜੋ ਕਿ ਪਾਠ-ਕ੍ਰਮ ਦੀ ਪੁਸਤਕ 'ਕਥਾ ਰੰਗ' ਵਿਚ ਦਰਜ ਹਨ। ਉਪਰੋਕਤ ਕਹਾਣੀਆਂ ਵਿਚ ਕਹਾਣੀਕਾਰ

ਦੀ ਜਾਣ-ਪਛਾਣ, ਕਹਾਣੀ ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ ਅਧਿਐਨ ਦਿੱਤਾ ਗਿਆ ਹੈ।

### 1.4.3 ਪਾਠ ਦੀ ਰੂਪ-ਰੇਖਾ :

### 1.4.3.1 ਜਿਊਣ ਜੋਗੇ

#### 1.4.3.1.1 ਕਹਾਣੀਕਾਰ ਨਾਲ ਜਾਣ-ਪਛਾਣ :

ਸੁਖਵੰਤ ਕੌਰ ਮਾਨ ਦਾ ਜਨਮ 1937 ਵਿੱਚ ਸਰਦਾਰ ਕਿਸ਼ਨ ਸਿੰਘ ਦੇ ਘਰ ਮਾਨਾਂਵਾਲਾ ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿੱਚ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਸਰਹੰਦ ਨੇੜੇ ਤਲਾਣੀਆਂ ਪਿੰਡ ਵਿੱਚ ਰਹਿਣ ਲੱਗੀ, ਕਿਉਂਕਿ ਇੱਥੇ ਉਨ੍ਹਾਂ ਨੂੰ ਜ਼ਮੀਨ ਅਲਾਟ ਕੀਤੀ ਗਈ ਸੀ। ਉਸਨੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਵਿੱਚ ਪੜ੍ਹਦੇ ਸਮੇਂ ਹੀ ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ ਤੋਂ ਪ੍ਰਭਾਵਿਤ ਹੋਕੇ ਸਾਹਿਤ ਪੜ੍ਹਨਾ ਤੇ ਲਿਖਣਾ ਸ਼ੁਰੂ ਕੀਤਾ। ਉਸਨੇ ਪੰਜਾਬੀ ਵਿਸ਼ੇ ਵਿੱਚ ਉੱਚੀ ਸਿੱਖਿਆ ਪ੍ਰਾਪਤ ਕੀਤੀ ਪਰ ਕਿਤੇ ਵੀ ਨੌਕਰੀ ਕਰਨ ਨੂੰ ਤਰਜ਼ੀਹ ਨਾ ਦਿੱਤੀ, ਸਗੋਂ ਸੁਤੰਤਰ ਲੇਖਣ ਨੂੰ ਹੀ ਕਿੱਤੇ ਵਜੋਂ ਅਪਣਾਇਆ। ਉਸਨੇ ਕਹਾਣੀ, ਨਾਵਲ ਅਤੇ ਬਾਲ ਸਾਹਿਤ ਦੇ ਖੇਤਰ ਵਿੱਚ ਰਚਨਾ ਕੀਤੀ। ਉਸਨੇ ਆਪਣੀਆਂ ਕਹਾਣੀਆਂ ਵਿੱਚ ਵੰਨ-ਸੁਵੰਨੇ ਸੰਸਾਰ ਦੀ ਯਥਾਰਥਕ ਅਤੇ ਸੁਹਜਾਤਮਕ ਪੇਸ਼ਕਾਰੀ ਕੀਤੀ ਹੈ। ਉਸ ਦੀਆਂ ਕਹਾਣੀਆਂ ਦੇ ਜ਼ਿਆਦਾਤਰ ਵਿਸ਼ੇ ਕਿਰਸਾਣੀ ਸਮਾਜ ਨਾਲ ਸੰਬੰਧਿਤ ਹੁੰਦੇ ਹਨ। ਉਸਨੇ ਸ਼ਹਿਰੀਕਰਨ ਅਤੇ ਮਸ਼ੀਨੀਕਰਨ ਦੇ ਪ੍ਰਭਾਵ ਅਧੀਨ ਬਦਲ ਰਹੇ ਜੀਵਨ ਦੀਆਂ ਬੜੀਆਂ ਹੀ ਸੰਜਿੰਦ ਝਾਕੀਆਂ ਪੇਸ਼ ਕੀਤੀਆਂ ਹਨ। ਉਹ ਪ੍ਰਗਤੀਵਾਦੀ ਯਥਾਰਥਵਾਦੀ ਰਚਨਾ-ਦ੍ਰਿਸ਼ਟੀ ਦੀ ਧਾਰਨੀ ਹੈ। ਉਸਦੇ ਕਹਾਣੀ ਸੰਗ੍ਰਹਿ ਹਨ : ਭੱਖੜੇ ਦੇ ਫੁੱਲ, ਤਰੇੜ, ਇਸਦੇ ਬਾਵਜੂਦ, ਮਿੱਟੀ ਦਾ ਮੋਹ, ਚਾਦਰ ਹੇਠਲਾ ਬੰਦਾ, ਮਨਮਤੀਆਂ, ਮਹਿਰੂਮੀਆਂ।

#### 1.4.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

ਸੁਖਵੰਤ ਕੌਰ ਮਾਨ ਦੁਆਰਾ ਲਿਖੀ ਕਹਾਣੀ 'ਜਿਊਣ ਜੋਗੇ' ਇੱਕ ਅਜਿਹੀ ਕਹਾਣੀ ਹੈ, ਜਿਹੜੀ ਸੰਕਟ ਦੇ ਅਤਿ ਭਿਆਨਕ ਦਿਨਾਂ ਵਿੱਚ ਵੀ ਮਨੁੱਖ ਨੂੰ ਡੋਲਣ ਨਹੀਂ ਦਿੰਦੀ। ਦੁੱਖ ਵਿੱਚ ਵੀ ਮਨੁੱਖ ਨੂੰ ਆਸ਼ਾਵਾਦ ਦਾ ਪੱਲਾ ਫੜ੍ਹੀ ਰੱਖਣ ਲਈ ਮਜ਼ਬੂਰ ਕਰਦੀ ਹੈ। ਰੋਂਦੇ ਪਲਾਂ ਵਿੱਚ ਵੀ ਹੱਸਣ ਦੇ ਛਿਣ ਲੱਭ ਕੇ, ਇਹ ਕਹਾਣੀ ਮਰਨਯੋਗ ਹਾਲਤਾਂ ਵਿੱਚ ਵੀ 'ਜਿਊਣ ਜੋਗੇ' ਬਣਾਉਂਦੀ ਹੈ।

ਵਿਸ਼ਵੀਕਰਨ ਵਿੱਚ ਤੇਜ਼ੀ ਤੇ ਪੂੰਜੀ ਦੇ ਪਾਸਾਰ ਕਰਕੇ ਬਹੁਤ ਸਾਰੇ ਪਰਿਵਰਤਨ ਦੇਖਣ ਵਿੱਚ ਆਉਂਦੇ ਹਨ। ਸ਼ਹਿਰ ਇੰਨੇ ਜ਼ਿਆਦਾ ਫੈਲ ਰਹੇ ਹਨ ਕਿ ਨੇੜਲੇ ਪਿੰਡ ਵੀ ਉਨ੍ਹਾਂ ਦੀ ਲਪੇਟ ਵਿੱਚ ਆ ਰਹੇ ਹਨ। ਇਸੇ ਕਰਕੇ ਬਹੁਤ ਸਾਰੇ ਕਿਸਾਨ ਵੀ ਸ਼ਹਿਰਾਂ ਵਿੱਚ ਜਾਕੇ ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਗਏ ਹਨ। ''ਪਿੰਡ ਵਿਚਲੇ ਪੈਸੇ ਵਾਲੇ ਲੋਕ ਸ਼ਹਿਰ ਵਿੱਚ ਜਾਕੇ ਸਥਾਪਿਤ ਹੋ ਗਏ ਹਨ ਪਰ ਜਿਹੜੇ ਆਪਣੇ-ਆਪ ਨੂੰ ਸ਼ਹਿਰੀਪੁਣੇ ਵਿੱਚ ਨਹੀਂ ਢਾਲ ਸਕਦੇ, ਉਹ ਮਾਨਸਿਕ ਤਣਾਓ ਵਿੱਚ ਰਹਿੰਦੇ ਹਨ। 'ਜਿਊਣ ਜੋਗੇ' ਕਹਾਣੀ ਵਿੱਚ ਢਾਹ ਦਿੱਤਾ ਗਿਆ ਪਿੰਡ, ਅਜਿਹੇ ਸੈਂਕੜੇ ਪਿੰਡਾਂ ਅਤੇ ਉੱਥੋਂ ਦੇ ਵਸਨੀਕਾਂ ਦੀ ਹੋਣੀ ਦਾ ਪ੍ਰਤੀਨਿਧ ਗਵਾਹ ਹੈ।

ਲੇਖਿਕਾ ਨੇ ਕਹਾਣੀ ਹੀ ਇੱਥੋਂ ਸ਼ੁਰੂ ਕੀਤੀ ਹੈ ਕਿ ਸਾਰਾ ਆਲਾ-ਦੁਆਲਾ ਰੁੰਡ-ਮਰੁੰਡ ਹੋ ਗਿਆ। ਕਿਤੇ ਕੋਈ ਮੋਰ ਬੋਲਦਾ ਨਹੀਂ ਸੁਣਦਾ ਅਤੇ ਕਿੱਕਰ ਤੇ ਰਹਿੰਦੇ ਆਖ਼ਰੀ ਮੁਰਗੇ ਦੇ ਖੰਭ ਵੀ ਖਿਲਰੇ ਪਏ ਸਨ। ਸ਼ਹਿਰੀਕਰਨ ਦੇ ਪਸਾਰੇ ਨੇ ਪਿੰਡ ਦੀ ਜ਼ਮੀਨ, ਉਸ ਨਾਲ ਜੁੜੇ ਕੰਮ-ਧੰਦੇ, ਜੱਦੀ ਘਰ-ਘਾਟ, ਰੁੱਖ-ਬੂਟੇ, ਪਸ਼ੂ-ਪੰਛੀ ਅਤੇ ਪ੍ਰਾਕ੍ਰਿਤਕ ਹੁਸਨ ਦੇ ਨਾਲ-ਨਾਲ ਪਿੰਡ ਦੀ ਸਮੁੱਚੀ ਹੋਂਦ ਨੂੰ ਖਾ ਲਿਆ। ਹਾਈਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਵੀ ਪਿੰਡ ਦੇ ਲੋਕਾਂ ਨੂੰ ਨਿਆਂ ਨਹੀਂ ਮਿਲਿਆ। ਅਸਟੇਟ ਆਫ਼ਿਸ ਵਾਲਿਆਂ ਵੱਲੋਂ ਮੱਝਾਂ ਨੂੰ ਘੇਰ ਕੇ ਉਨ੍ਹਾਂ ਨੂੰ ਕੁੱਟਿਆ ਅਤੇ ਰੋਕਣ ਵਾਲੇ ਲੋਕਾਂ ਨੂੰ ਜ਼ਖ਼ਮੀ ਕੀਤਾ ਗਿਆ। ਘਰਾਂ ਤੇ ਬੁਲਡੋਜ਼ਰ ਫਿਰਦਾ ਦੇਖ ਭੰਤੋ ਮਹਿਰੀ ਰੋਂਦੀ, ਡਿੱਗਦੀ, ਗਾਲ੍ਹਾਂ ਕੱਢਦੀ, ਚੀਕਦੀ ਦੌੜੀ ਜਾਂਦੀ ਹੈ। ਲੋਕ ਘਰਾਂ ਵਿੱਚੋਂ ਭਾਂਡੇ, ਮੁਰਗੀਆਂ, ਟਰੰਕ, ਮੰਜੀਆਂ, ਬੱਕਰੀਆਂ

ਆਦਿ ਸਾਮਾਨ ਕੱਢ-ਕੱਢ ਭੱਜਦੇ ਹਨ।

ਸਾਰੇ ਪਿੰਡ ਦੇ ਮੁੰਡੇ ਕਮਲਿਆਂ ਵਾਂਗ ਦੌੜਦੇ ਅਗਲੇ ਘਰਾਂ ਦਾ ਸਮਾਨ ਕਢਵਾਉਂਦੇ ਹਨ। ਧੀਰਾ, ਛਿੰਦਾ ਅਤੇ ਭਿੰਦਾ ਸਭ ਆਪਣੇ ਘਰਾਂ ਨੂੰ ਡਿੱਗਦੇ ਦੇਖਦੇ ਹਨ। ਰਾਤ ਨੂੰ ਕੁੱਤੇ ਰੋਂਦੇ ਹਨ ਅਤੇ ਬਿੱਲੀਆਂ ਵੀ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਕੱਢ ਕੇ ਰੋਂਦੀਆਂ ਹਨ। ਸਵੇਰੇ ਠੇਕੇਦਾਰ ਜਦੋਂ ਬਹੁਤ ਪੁਰਾਣਾ ਪਿੱਪਲ ਵੱਢਣ ਲੱਗਦਾ ਹੈ ਤਾਂ ਭੰਤੋ ਮਹਿਰੀ ਵਾਸਤੇ ਪਾਉਂਦੀ ਹੈ ਕਿ ਦੇਵਤੇ ਸਮਾਨ ਪਿੱਪਲ ਨੂੰ ਨਾ ਵੱਢਿਆ ਜਾਵੇ, ਪਰ ਉਸ ਦੀ ਕੌਣ ਸੁਣਦਾ ਹੈ? ਭੰਤੋ ਮਹਿਰੀ ਦਾ ਮੁੰਡਾ ਚੰਡੀਗੜ੍ਹ ਹੋਟਲ ਵਿੱਚ ਕੰਮ ਕਰਦਾ ਹੈ ਅਤੇ ਇਸਦਾ ਉੱਥੇ ਜੀਅ ਨਹੀਂ ਲੱਗਿਆ ਅਤੇ ਉਹ ਕਮਲੀ ਜਿਹੀ ਹੋਈ ਪਿੰਡ ਵਿੱਚ ਭੱਠੀ ਤਾਈ ਬੈਠੀ ਰਹਿੰਦੀ ਹੈ, ਪਰ ਦਾਣੇ ਭੁਨਾਉਣ ਕੋਈ ਨਹੀਂ ਸੀ ਆਉਂਦਾ। ਉਸ ਦਾ ਘਰਵਾਲਾ ਲੱਛੂ ਮਹਿਰਾ ਬੱਕਰੀਆਂ ਚਾਰਦਾ ਅਤੇ ਮਾਤਾ ਦੀਆਂ ਭੇਟਾਂ ਗਾਉਂਦਾ ਜਦੋਂ ਵਾਪਸ ਆਉਂਦਾ ਤਾਂ ਇੱਕ ਅੱਧੀ ਬੱਕਰੀ ਘੱਟ ਹੁੰਦੀ ਤਾਂ ਲੱਛੂ ਤੇ ਭੰਤੋ ਦੋਹਾਂ ਵਿੱਚ ਲੜਾਈ ਹੁੰਦੀ। ਗਹਿਲੂ ਬੱਕਰੀ ਚੋਰੀ ਕਰਕੇ ਰਾਤ ਨੂੰ ਆਪਣੇ ਘਰ ਉਹਦਾ ਮਾਸ ਰਿੰਨਦਾ। ਬੱਕਰੀ ਚੋਰੀ ਹੋਣ ਤੇ ਸਵੇਰੇ ਪੰਚਾਇਤ ਵਿੱਚ ਜਾਕੇ ਲੱਛੂ ਬਹੁਤ ਲੀਲੜੀਆਂ ਕੱਢਦਾ, ਪਰ ਉਸਦੀ ਪੁਕਾਰ ਕੋਈ ਨਾ ਸੁਣਦਾ। ਲੱਛੂ ਵਿਆਹ-ਸ਼ਾਦੀ ਵਿੱਚ ਬਹੁਤ ਵਧੀਆ ਮੀਟ ਬਣਾਉਂਦਾ ਸੀ, ਪਰ ਹੌਲੀ-ਹੌਲੀ ਸ਼ਹਿਰ ਵਿਚਲੇ ਹੋਟਲਾਂ ਨੇ ਉਹਦਾ ਧੰਦਾ ਠੱਪ ਕਰ ਦਿੱਤਾ ਅਤੇ ਲੱਛੂ ਦੀਆਂ ਬੱਕਰੀਆਂ ਹੌਲੀ-ਹੌਲੀ ਗੁਆਚਦੀਆਂ ਗਈਆਂ ਅਤੇ ਇੱਕ ਦਿਨ ਉਸਨੇ ਕਿੱਕਰ ਨਾਲ ਫਾਹਾ ਲੈ ਲਿਆ।

ਭੰਤੋ ਦਾ ਅਰਧ ਪਾਗਲਪਨ ਅਤੇ ਲੱਛੂ ਦੀ ਖ਼ੁਦਕੁਸ਼ੀ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਅਨਿਆਇ ਉਤੇ ਆਧਾਰਿਤ ਇਸ ਦਰਜੇਬੰਦੀ ਵਾਲੇ ਸਮਾਜ ਵਿੱਚ ਮਾੜਿਆਂ ਦਾ ਜੀਣਾ ਮੁਸ਼ਕਲ ਹੈ। ਅਮਰੋ ਬੁੜੀ ਫਲੈਟ ਬਣਾਉਣ ਲਈ ਤੋੜੇ ਆਪਣੇ ਘਰ ਦੇ ਮਲਬੇ ਤੇ ਬੈਠੀ ਵੈਣ ਪਾਉਂਦੀ ਹੈ ਤਾਂ ਗਹਿਲੂ ਦੀ ਦਾਦੀ ਵੀ ਉਹਦੇ ਕੋਲ ਆਕੇ ਬੈਠ ਜਾਂਦੀ ਹੈ। ਉਹ ਦੋਨੋਂ ਹਉਕੇ ਭਰਦੀਆਂ ਹਨ ਅਤੇ ਆਪਸ ਵਿੱਚ ਕੁੱਤੇ-ਬਿੱਲੀਆਂ ਦੇ ਰੋਣ ਤੇ ਉੱਲੂ ਬੋਲਣ ਨੂੰ ਪਿੰਡ ਦੇ ਉਜੜਣ ਨਾਲ ਜੋੜਦੀਆਂ ਹਨ ਅਤੇ ਬਦਸ਼ਗਨੀ ਸਮਝਦੀਆਂ ਹਨ। ਸਾਰੇ ਬੱਚੇ ਖੋਤੇ ਨਾਲ ਖੇਡਦੇ ਭੱਜੇ ਫਿਰਦੇ ਹਨ।

ਰਾਤੋ-ਰਾਤ ਪਿੰਡ ਦੀ ਫਿਰਨੀ ਦੇ ਦੁਆਲੇ ਲੋਕਾਂ ਨੇ ਟੈਂਟ ਲਾ ਲਏ ਅਤੇ ਟੁੱਟੇ-ਭੱਜੇ ਹਾਰਿਆਂ ਨੂੰ ਜੋੜ ਕੇ ਔਰਤਾਂ ਵਲਟੋਹੀਆਂ ਵਿੱਚ ਦਾਲਾਂ ਰੱਖ ਦਿੰਦੀਆਂ ਹਨ। ਕੋਲ ਬੈਠੇ ਉਦਾਸ ਮਰਦ ਚਾਹ ਪੀ ਰਹੇ ਹਨ। ਮੁੰਡੇ ਖੋਤੇ ਦੀ ਪੂੰਛ ਨਾਲ ਪੀਪੇ ਨੂੰ ਬੰਨ੍ਹ ਕੇ ਰੌਲਾ ਪਾਉਂਦੇ ਭੱਜੇ ਫਿਰਦੇ ਹਨ। ਕਾਲੂ ਨੂੰ ਖੋਤੇ ਤੇ ਚੜ੍ਹੇ ਨੂੰ ਵੇਖ ਕੇ ਸਾਰੇ ਹੱਸਦੇ ਹਨ ਅਤੇ ਅੰਬੋ ਉੱਚੀ ਦੇਣੇ ਕਾਲੂ ਦਾ ਮੂੰਹ ਕਾਲਾ ਕਰਨ ਨੂੰ ਕਹਿੰਦੀ ਹੈ ਤਾਂ ਸਾਰੇ ਚਾਹ ਪੀਂਦੇ ਬੰਦੇ ਵੀ ਹੱਸੇ ਬਿਨਾ ਨਹੀਂ ਰਹਿ ਸਕੇ ਅਤੇ ਤੀਵੀਆਂ ਵੀ ਹੱਸ-ਹੱਸ ਦੂਹਰੀਆਂ ਹੁੰਦੀਆਂ ਹਨ।

ਸੁਖਵੰਤ ਮਾਨ ਦੀ ਯਥਾਰਥ ਦ੍ਰਿਸ਼ਟੀ ਇਸ ਕਹਾਣੀ ਵਿੱਚੋਂ ਨਜ਼ਰ ਆਉਂਦੀ ਹੈ ਕਿ ਪਿੰਡ ਦੇ ਲੋਕਾਂ ਨੇ ਮੌਤ ਅੱਗੇ ਜ਼ਿੰਦਗੀ ਤੋਂ ਹਾਰ ਨਹੀਂ ਮੰਨੀ। ਬੱਚਿਆਂ ਦਾ ਹਸਾਉਣਾ ਵਤੀਰਾ ਅਤੇ ਦੁੱਖ ਦੀਆਂ ਘੜੀਆਂ ਨੂੰ ਖੇਡ ਵਿੱਚ ਪਲਟ ਦੇਣਾ ਅਤੇ ਉਨ੍ਹਾਂ ਵੱਲ ਦੇਖ-ਦੇਖ ਕੇ ਪਿੰਡ ਦੀਆਂ ਔਰਤਾਂ ਦਾ ਹੱਸਣਾ ਅਤੇ ਖ਼ੁਸ਼ ਹੋਣਾ ਦੱਸਦਾ ਹੈ ਕਿ ਜ਼ਿੰਦਗੀ ਦੀ ਖੇਡ ਵਿੱਚ ਕਈ ਵਾਰੀ ਭਾਵੇਂ ਹਾਰ ਹੋਣੀ ਵੀ ਨਿਸ਼ਚਿਤ ਹੁੰਦੀ ਹੈ ਅਤੇ ਉਸ ਲਈ ਹਉਕਾ ਭਰਨਾ ਵੀ ਸੱਚਾਈ ਹੈ, ਪਰ ਨਾਲ ਹੀ ਇਹ ਵੀ ਵੱਡਾ ਸੱਚ ਹੈ ਕਿ ਜ਼ਿੰਦਗੀ ਦੀ ਖੇਡ ਵਿੱਚ ਉਨਾ ਚਿਰ ਅੱਗੇ ਤੁਰਨਾ ਵੀ ਸੰਭਵ ਨਹੀਂ ਜਿੰਨਾ ਚਿਰ ਅਸੀਂ ਆਪਣੀਆਂ ਹਾਰਾਂ ਨੂੰ ਹੱਸ ਕੇ ਸਹਿਣ ਕਰਨ ਦਾ ਜਿਗਰਾ ਪ੍ਰਾਪਤ ਨਹੀਂ ਕਰ ਲੈਂਦੇ।

### 1.4.3.1.3 ਆਲੋਚਨਾਤਮਕ ਪਰਖ :

ਇਸ ਕਹਾਣੀ ਵਿੱਚ ਲੇਖਿਕਾ ਨੇ ਹਉਕੇ ਤੇ ਹਾਸੇ ਦਾ ਸੰਤੁਲਨ ਸਿਰਜ ਕੇ ਹਾਰ ਅਤੇ ਜਿੱਤ ਦੇ, ਦੁੱਖ ਤੇ ਖ਼ੁਸ਼ੀ ਦੇ, ਮੌਤ ਅਤੇ ਜ਼ਿੰਦਗੀ ਦੇ ਪ੍ਰਸਪਰ ਤਣਾਓਸ਼ੀਲ ਰਿਸ਼ਤੇ ਨੂੰ ਕਲਾਤਮਕ ਸੰਤੁਲਨ ਵਿੱਚ ਬੰਨ੍ਹ ਕੇ ਪੇਸ਼ ਕੀਤਾ ਹੈ। ਕਹਾਣੀ ਦਾ ਸਿਰਲੇਖ ਬਿਲਕੁਲ ਢੁੱਕਵਾਂ ਹੈ ਜੋ ਇਸ ਸੱਚਾਈ ਦੀ ਹੀ ਨਿਸ਼ਾਨਦੇਹੀ ਕਰਦਾ ਹੈ ਕਿ ਮਰਨਾਊ ਹਾਲਤਾਂ ਵਿੱਚ ਵੀ ਸੁੱਟ ਦਿੱਤੇ ਜਾਣ ਦੇ ਬਾਵਜੂਦ ਇਹ ਪਿੰਡ ਦੇ ਲੋਕ

ਮਰਨ ਜੋਗੇ ਨਹੀਂ, ਸਗੋਂ 'ਜਿਊਣ ਜੋਗੇ' ਹਨ।

ਲੇਖਿਕਾ ਨੇ ਸ਼ਹਿਰੀਕਰਨ ਅਤੇ ਮਸ਼ੀਨੀਕਰਨ ਦੇ ਪ੍ਰਭਾਵ ਅਧੀਨ ਬਦਲ ਰਹੇ ਜੀਵਨ ਦੀਆਂ ਬੜੀਆਂ ਹੀ ਸੰਜਿੰਦ ਝਾਕੀਆਂ ਸਿਰਜੀਆਂ ਹਨ। ਪੰਛੀਆਂ ਦੇ ਆਲ੍ਹਣਿਆਂ ਵਾਂਗ ਟੁੱਟ ਕੇ ਬਿਖ਼ਰ ਗਏ ਇਹ ਬੇਖ਼ੌਫ਼ ਤੇ ਦਰਦਨਾਕ ਚਿੱਤਰ ਸਾਡੀਆਂ ਅੱਖਾਂ ਅੱਗੇ ਆ ਜਾਂਦੇ ਹਨ।

ਮਾਝੇ ਦੀ ਉਪ-ਬੋਲੀ ਨਾਟਕੀ ਜੁਗਤਾਂ ਦੀ ਵਰਤੋਂ ਅਤੇ ਯਥਾਰਥਕ ਰੰਗਣ ਵਾਲਾ ਕਥਾ ਰਸ ਉਸਦੀ ਕਹਾਣੀ ਕਲਾ ਦੇ ਵਿਸ਼ੇਸ਼ ਪਛਾਣ ਚਿੰਨ੍ਹ ਹਨ। ਹਰ ਪਾਤਰ ਦੀ ਬੋਲੀ ਉਸ ਤੇ ਢੁੱਕਦੀ ਹੈ। ਲੇਖਿਕਾ ਨੇ ਲੋੜ ਮੁਤਾਬਕ ਕਿਤੇ-ਕਿਤੇ ਅੰਗ੍ਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ ਜਿਵੇਂ ਕਿ – ਅਸਟੇਟ ਆਫਿਸ, ਹਾਈਕੋਰਟ, ਸੁਪਰੀਮ ਕੋਰਟ ਆਦਿ। ਕਿਤੇ-ਕਿਤੇ ਲੇਖਿਕਾ ਨੇ ਮੁਹਾਵਰੇ ਦੀ ਵਰਤੋਂ ਕੀਤੀ ਹੈ ਜਿਵੇਂ ''ਇਹ ਤਾਂ ਲਹਿਣੀਆਂ ਦੀਆਂ ਦੇਣੀਆਂ ਨੇ''। ਸਮੇਂ-ਸਮੇਂ ਸਿਰ ਪਿੰਡ ਦੇ ਪਾਤਰਾਂ ਵੱਲੋਂ ਗੁੱਸੇ ਵਿੱਚ ਕੱਢੀਆਂ ਗਾਲਾਂ ਵੀ ਬੜੀਆਂ ਢੁਕਵੀਆਂ ਹਨ। ਪਾਤਰਾਂ ਦੇ ਵਾਰਤਾਲਾਪ ਰਾਹੀਂ ਲੇਖਿਕਾ ਨੇ ਬਹੁਤ ਸਾਰੇ ਯਥਾਰਥਕ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਪਿੰਡ ਦੇ ਉਜਾੜੇ ਨੂੰ ਵੈਰਾਗ ਭਾਵ ਨਾਲ ਚਿਤਰਨ ਅਤੇ ਪੀੜਿਤ ਲੋਕਾਂ ਨਾਲ ਡੂੰਘੀ ਸੰਵੇਦਨਾ ਦਾ ਪ੍ਰਗਟਾਵਾ ਕਰਨ ਦੇ ਬਾਵਜੂਦ ਪਿੰਡ ਦੇ ਜੀਵਨ ਨੂੰ ਆਦਰਸ਼ਿਆਉਣ ਦਾ ਯਤਨ ਨਹੀਂ ਕਰਦੀ।

## 1.4.3.2 'ਮੂਨ ਦੀ ਅੱਖ'

### 1.4.3.2.1 ਕਹਾਣੀਕਾਰ ਨਾਲ ਜਾਣ-ਪਛਾਣ :

'ਮੂਨ ਦੀ ਅੱਖ' ਕਹਾਣੀ ਦਾ ਲੇਖਕ ਮੋਹਨ ਭੰਡਾਰੀ ਹੈ। ਮੋਹਨ ਭੰਡਾਰੀ ਦਾ ਜਨਮ ਪਿੰਡ ਬਨਭੌਰਾ ਜ਼ਿਲ੍ਹਾ ਸੰਗਰੂਰ ਵਿੱਚ ਸ੍ਰੀ ਨੱਥੂਰਾਮ ਦੇ ਘਰ 1937 ਵਿੱਚ ਹੋਇਆ। ਉਸ ਨੇ ਪੰਜਾਬੀ ਦੀ ਐਮ.ਏ . ਅਤੇ ਐਲ.ਐਲ.ਬੀ. ਕੀਤੀ ਅਤੇ ਲੰਮਾ ਸਮਾਂ ਸਿੱਖਿਆ ਵਿਭਾਗ, ਪੰਜਾਬ ਵਿੱਚ ਕੰਮ ਕੀਤਾ। 'ਮੂਨ ਦੀ ਅੱਖ' ਕਹਾਣੀ ਉਸਦੇ ਸੱਤਵੇਂ ਕਹਾਣੀ ਸੰਗ੍ਰਹਿ 'ਮੂਨ ਦੀ ਅੱਖ' ਵਿੱਚੋਂ ਲਈ ਗਈ ਹੈ। ਇਸ ਨੂੰ ਸਾਲ 1998 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ। ਇਸ ਸੰਗ੍ਰਹਿ ਵਿੱਚ ਕੁੱਲ ਸੱਤ ਕਹਾਣੀਆਂ ਹਨ, ਜੋ ਜ਼ਿਆਦਾ ਪੰਜਾਬ ਸੰਕਟ ਦੇ ਦਿਨਾਂ ਵਿਚਲੇ ਹਾਲਾਤਾਂ ਦਾ ਜ਼ਿਕਰ ਕਰਦੀਆਂ ਹਨ। ਪੰਜਾਬੀ ਕਹਾਣੀ ਦੇ ਖੇਤਰ ਵਿੱਚ ਮੋਹਨ ਭੰਡਾਰੀ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਉਸਦੀ ਦ੍ਰਿਸ਼ਟੀ ਮੁੱਖ ਤੌਰ 'ਤੇ ਪ੍ਰਗਤੀਵਾਦੀ ਯਥਾਰਥਵਾਦੀ ਹੈ। ਉਹ ਵੱਖਰੇ ਮੁਹਾਂਦਰੇ ਵਾਲੀ ਕਹਾਣੀ ਦੀ ਰਚਨਾ ਕਰਨ ਵਾਲਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਪੜ੍ਹ ਕੇ ਉਸ ਦੀ ਦ੍ਰਿਸ਼ਟੀ ਦੀ ਸਪੱਸ਼ਟਤਾ, ਵਿਸ਼ੇ ਦੀ ਪਕੜ ਅਤੇ ਨਿਭਾਅ ਸਮਰੱਥਾ ਦਾ ਪਤਾ ਲੱਗਦਾ ਹੈ। ਉਸ ਦੀ ਕਹਾਣੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :- ਤਿਲ ਚੌਲੀ, ਮਨੁੱਖ ਦੀ ਪੈੜ, ਕਾਠ ਦੀ ਲੱਤ, ਪਛਾਣ, ਮੂਨ ਦੀ ਅੱਖ, ਤਣ-ਪੱਤਣ ਅਤੇ ਕਥਾ ਵਾਰਤਾ (ਸਮੁੱਚੀਆਂ ਕਹਾਣੀਆਂ)।

### 1.4.3.2.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

'ਮੂਨ ਦੀ ਅੱਖ' ਕਹਾਣੀ ਦਾ ਵਿਸ਼ਾ 1984 ਵਿੱਚ ਦੇਸ਼ ਦੀ ਮੁੱਖ ਨੇਤਾ ਦੇ ਕਤਲ ਪਿੱਛੋਂ ਦਿੱਲੀ ਦੇ ਦੰਗਿਆਂ ਦੇ ਪ੍ਰਭਾਵ ਬਾਰੇ ਹੈ। ਲੇਖਕ ਅਜਿਹੇ ਦੁਖਾਂਤ ਨੂੰ ਦੋ ਘਟਨਾਵਾਂ ਦੇ ਟਾਕਰਵੇਂ ਰੂਪ ਵਿੱਚ ਪੇ ਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਹਿਲੀ ਹੈ ਬਿਰਤਾਂਤਕਾਰ ਦੇ ਬਚਪਨ ਦੀ ਇੱਕ 1948 ਵਿੱਚ ਵਾਪਰੀ ਘਟਨਾ, ਜਦੋਂ ਸ਼ਿਕਾਰ ਕਰਨ ਗਏ ਸ਼ਿਕਾਰੀਆਂ ਵੱਲੋਂ ਇੱਕ ਮੂਨ (ਹਿਰਨੀ) ਨੂੰ ਗੋਲੀ ਮਾਰੀ ਜਾਂਦੀ ਹੈ। ਸ਼ਿਕਾਰੀ ਸ਼ਿਕਾਰ ਕਰਕੇ ਖ਼ੁਸ਼ ਹੁੰਦੇ ਹਨ, ਪਰ ਬਿਰਤਾਂਤਕਾਰ ਨੂੰ ਤੜਫਦੀ ਮੂਨ ਦੀ ਖੱਬੀ ਮੋਟੀ, ਫੈਲੀ ਹੋਈ ਅੱਖ ਵਿੱਚੋਂ ਹੰਝੂ ਨਿਕਲਦਾ ਦਿਖਾਈ ਦਿੰਦਾ ਹੈ। ਮੂਨ ਦੀ ਜਿਹੜੀ ਬੇਚਾਰਗੀ, ਬੇਵਸੀ ਅਤੇ ਪੀੜਾ ਦਸ ਸਾਲ ਦੀ ਮਾਸੂਮ ਨਜ਼ਰ ਨੂੰ ਦਿਖਾਈ ਦਿੰਦੀ ਹੈ, ਉਹ ਸ਼ਿਕਾਰੀਆਂ ਦੀ ਪਥਰਾਈ ਹੋਈ ਅੱਖ ਨੂੰ ਦਿਖਾਈ ਨਹੀਂ ਦਿੰਦੀ। ਦੂਸਰੀ ਘਟਨਾ 1984 ਦੇ ਕਤਲੇਆਮ ਵਿੱਚ ਕਤਲ ਹੋਣ ਵਾਲੇ ਲੋਕਾਂ ਬਾਰੇ ਹੈ ਜੋ ਲੇਖਕ ਲਈ ਬੇਵਸ ਮੂਨ ਦੀ ਨਿਆਈਂ ਹਨ। 'ਮੂਨ' ਦਾ ਇਹੋ ਚਿੰਨ੍ਹ

ਫ਼ੌਜੀ ਅਫ਼ਸਰ ਚੱਢਾ ਦੀ ਸਰਨ ਵਿੱਚ ਆਈ 'ਨਸੀਬ ਕੌਰ' ਨਾਂ ਦੀ ਪਾਤਰ ਦੀ ਬੇਵਸੀ, ਲਾਚਾਰੀ ਅਤੇ ਪੀੜਾ ਦਾ ਲਖਾਇਕ ਹੈ।

ਇਸ ਕਹਾਣੀ ਦਾ ਮੈਂ ਪਾਤਰ ਇੱਕ ਫ਼ੌਜੀ ਹੈ ਜੋ ਉਸ ਸਮੇਂ ਡਿਊਟੀ ਤੇ ਸੀ, ਜਦੋਂ ਸ਼ਹਿਰ ਵਿੱਚ ਦੰਗੇ ਭੜਕ ਉੱਠੇ ਸਨ ਅਤੇ ਚਾਰੇ ਪਾਸੇ ਕਤਲੇਆਮ ਹੋ ਰਿਹਾ ਸੀ। ਪਰ ਫ਼ੌਜੀ ਨੂੰ 'ਟਿਲ ਫਰਦਰ ਆਰਡਰਜ਼' ਤੱਕ ਕੋਈ ਐਕਸ਼ਨ ਨਾ ਲੈਣ ਦਾ ਆਦੇਸ਼ ਨਹੀਂ ਦਿੱਤਾ ਗਿਆ, ਇਸ ਲਈ ਉਹ ਆਰਾਮ ਕਰਨ ਆਪਣੀ ਕੋਠੀ ਵਿੱਚ ਚਲਾ ਗਿਆ। ਉਸਦੇ ਬੀਵੀ ਬੱਚੇ ਘਰ ਨਹੀਂ ਸਨ, ਇਸ ਲਈ ਉਹ ਮਨ-ਪਰਚਾਵੇ ਲਈ ਆਪਣੇ ਦੋਸਤਾਂ ਨੂੰ ਸ਼ਰਾਬ ਪੀਣ ਲਈ ਬੁਲਾ ਲੈਂਦਾ ਹੈ। ਬੈਠਕ ਦੌਰਾਨ ਉਨ੍ਹਾਂ ਵਿੱਚ ਕੋਈ ਬਹੁਤੀ ਗੱਲਬਾਤ ਨਹੀਂ ਹੁੰਦੀ, ਉਹ ਸਾਰੇ ਕੋਠੇ ਤੇ ਜਾਂਦੇ ਹਨ ਅਤੇ ਸ਼ਹਿਰ ਵਿੱਚ ਚਾਰੇ ਪਾਸੇ ਅੱਗ ਦੇਖ ਕੇ ਥੱਲੇ ਵਾਪਸ ਆ ਜਾਂਦੇ ਹਨ। ਇੰਨੇ ਵਿੱਚ ਫ਼ੌਜੀ ਦਾ ਪੁਰਾਣਾ ਨੌਕਰ ਮੱਖਣ ਘਬਰਾਇਆ ਹੋਇਆ ਆਪਣੇ ਨਾਲ ਇੱਕ ਅੱਧਖੜ ਉਮਰ ਦੀ ਔਰਤ ਨੂੰ ਲੈਕੇ ਆਉਂਦਾ ਹੈ ਅਤੇ ਦੱਸਦਾ ਹੈ ਕਿ ਇਸਦਾ ਸਾਰਾ ਪਰਿਵਾਰ ਮਾਰਿਆ ਗਿਆ ਤੇ ਉਹ ਉਸ ਨੂੰ ਫ਼ੌਜੀ ਦੀ ਸ਼ਰਨ ਵਿੱਚ ਛੱਡ ਜਾਂਦਾ ਹੈ। ਔਰਤ ਸਹਿਮੀ ਤੇ ਡਰੀ ਹੋਈ ਕੰਧ ਨਾਲ ਲੱਗੀ ਖੜ੍ਹੀ ਰਹਿੰਦੀ ਹੈ। ਉਥੇ ਸਾਰੇ ਮੌਜੂਦ ਮਰਦ ਉਸਨੂੰ ਘੂਰਦੇ ਹਨ ਅਤੇ ਮੈਂ ਪਾਤਰ ਦੇ ਨਾ ਚਾਹੁੰਦਿਆਂ ਹੋਇਆਂ ਵੀ ਸਾਰੇ ਉਥੋਂ ਚਲੇ ਜਾਂਦੇ ਹਨ। ਮੈਂ ਪਾਤਰ ਉਸ ਦੀ ਮਾਨਸਿਕ ਹਾਲਤ ਦੇਖਦੇ ਹੋਏ ਉਸਨੂੰ ਅੰਦਰ ਕਮਰੇ ਵਿੱਚ ਜਾਣ ਲਈ ਅਤੇ ਕੁਝ ਖਾਣ-ਪੀਣ ਲਈ ਕਹਿੰਦਾ ਹੈ ਅਤੇ ਉਹ ਕੁਝ ਵੀ ਖਾਣ-ਪੀਣ ਤੋਂ ਇਨਕਾਰ ਕਰ ਦਿੰਦੀ ਹੈ ਅਤੇ ਲੇਟ ਜਾਂਦੀ ਹੈ ਤਾਂ ਮੈਂ ਪਾਤਰ ਉਸ 'ਤੇ ਕੰਬਲ ਪਾ ਕੇ ਬਾਹਰ ਆ ਜਾਂਦਾ ਹੈ। ਬਾਹਰ ਆਕੇ ਅਚਾਨਕ ਉਸ ਨੂੰ ਖ਼ਿਆਲ ਆਉਂਦਾ ਹੈ ਕਿ ਉਸਦਾ ਰਿਵਾਲਵਰ ਅੰਦਰ ਰਹਿ ਗਿਆ ਅਤੇ ਇਸ ਹਾਲਤ ਵਿੱਚ ਔਰਤ ਕੁਝ ਵੀ ਕਰ ਸਕਦੀ ਹੈ। ਇਹ ਸੋਚ ਕੇ ਉਹ ਰਿਵਾਲਵਰ ਲੈਣ ਅੰਦਰ ਜਾਂਦਾ ਹੈ ਤਾਂ ਫ਼ੌਜੀ ਦੇ ਹੱਥ ਰਿਵਾਲਵਰ ਦੇਖ ਕੇ ਨਸੀਬ ਕੌਰ ਡਰ ਜਾਂਦੀ ਹੈ ਅਤੇ ਬੇਵਸ, ਲਾਚਾਰ ਤੇ ਡਰੀਆਂ ਅੱਖਾਂ ਨਾਲ ਉਸ ਵੱਲ ਇਉਂ ਦੇਖਦੀ ਹੈ ਜਿਵੇਂ ਕਹਿ ਰਹੀ ਹੋਵੇ ਕਿ ਉਸਨੂੰ ਨਾ ਮਾਰਿਓ। ਫ਼ੌਜੀ ਚੱਢਾ ਦਰਵਾਜ਼ਾ ਭੇੜ ਕੇ ਬਾਹਰ ਆ ਜਾਂਦਾ ਹੈ।

ਘਰ ਵਿੱਚ ਇਕੱਲੀ ਔਰਤ ਦੀ ਮੌਜੂਦਗੀ ਕਾਰਨ ਮਨ ਵਿੱਚ ਉਸ ਬਾਰੇ ਚੰਗੇ-ਮਾੜੇ ਖ਼ਿਆਲ ਕਰਦਾ ਉਹ ਸੌਂ ਜਾਂਦਾ ਹੈ ਅਤੇ ਸਵੇਰੇ ਉਠ ਕੇ ਚਾਹ ਬਣਾਕੇ ਜਦੋਂ ਨਸੀਬ ਕੌਰ ਨੂੰ ਬੁਲਾਉਣ ਜਾਂਦਾ ਹੈ ਤਾਂ ਉਸਨੂੰ ਸਿੱਧੀਆਂ ਅੱਖਾਂ ਟੱਡੀ ਪਈ ਨੂੰ ਦੇਖ ਬੌਂਦਲ ਜਾਂਦਾ ਹੈ ਅਤੇ ਬਾਹਰ ਆਕੇ ਕਮਲਿਆਂ ਵਾਂਗ ਚੱਕਰ ਕੱਢਦਾ ਹੈ ਤੇ ਗੁਆਂਢੀਆਂ ਤੇ ਦੋਸਤਾਂ ਨੂੰ ਬੁਲਾਉਂਦਾ ਹੈ। ਮਲਹੋਤਰਾ ਅੱਗੇ ਵੱਧ ਕੇ ਔਰਤ ਦੀਆਂ ਖੁੱਲ੍ਹੀਆਂ ਫੈਲੀਆਂ ਅੱਖਾਂ ਬੰਦ ਕਰ ਦਿੰਦਾ ਹੈ।

ਫ਼ੌਜੀ ਦਾ ਦੂਜੇ ਫਿਰਕੇ ਦਾ ਹੋਣਾ ਅਤੇ ਅੰਦਰੋਂ ਰਿਵਾਲਵਰ ਚੁੱਕ ਕੇ ਲਿਆਉਣਾ ਹੀ ਔਰਤ ਦੀ ਮੌਤ ਦਾ ਕਾਰਨ ਬਣ ਜਾਂਦਾ ਹੈ ਕਿ ਉਹ ਦਹਿਲ ਨਾਲ ਹੀ ਮਰ ਜਾਂਦੀ ਹੈ। ਫ਼ੌਜੀ ਦਾ ਔਰਤ ਦੀ ਡਰੀ ਅੱਖ ਨੂੰ 'ਮੂਨ ਦੀ ਅੱਖ' ਨਾਲ ਸਮਾਨਤਾ ਦੇਣੀ, ਉਸਦੀ ਰਹਿਮ-ਦਿਲੀ ਦਾ ਪ੍ਰਗਟਾਵਾ ਕਰਦੀ ਹੈ। ਉਸਨੂੰ ਉਹ ਸਹਿਮੀ ਔਰਤ ਇੱਕ 'ਮੂਨ' ਦੀ ਤਰ੍ਹਾਂ ਲੱਗੀ, ਜੋ ਸ਼ਿਕਾਰ ਹੋਣ ਤੋਂ ਬਾਅਦ ਤੜਪ ਕੇ ਮਰ ਜਾਂਦੀ ਹੈ। ਉਹ ਉਸ ਔਰਤ ਦੀ ਮੌਤ ਦਾ ਜ਼ਿੰਮੇਵਾਰ ਖ਼ੁਦ ਨੂੰ ਸਮਝਦਾ ਹੈ ਅਤੇ ਸੋਚਦਾ ਹੈ ਕਿ ਜੇ ਉਹ ਰਾਤ ਉਹਦੇ ਕੋਲ ਹੀ ਰਹਿੰਦਾ ਤਾਂ ਉਹ ਸ਼ਾਇਦ ਬਚ ਜਾਂਦੀ।

### 1.4.3.2.3 ਆਲੋਚਨਾਤਮਕ ਪਰਖ :

ਪੰਜਾਬੀ ਕਹਾਣੀ ਦੇ ਖੇਤਰ ਵਿੱਚ ਮੋਹਨ ਭੰਡਾਰੀ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਉਹ ਵੱਖਰੇ ਮੁਹਾਂਦਰੇ ਵਾਲੀ ਕਹਾਣੀ ਦੀ ਰਚਨਾ ਕਰਨ ਵਾਲਾ ਕਹਾਣੀਕਾਰ ਹੈ। ਵਸਤੂ ਸਥਿਤੀ ਦੀ ਜਟਿਲਤਾ ਨੂੰ ਸਰਲਤਾ ਸਹਿਤ ਨਿਭਾਉਣਾ ਮੋਹਨ ਭੰਡਾਰੀ ਦੀ ਕਥਾ ਜੁਗਤ ਦੀ ਵਿਸ਼ੇਸ਼ਤਾ ਹੈ। ਉਹ ਮੁੱਖ ਤੌਰ 'ਤੇ ਪ੍ਰਗਤੀਵਾਦੀ ਯਥਾਰਥਵਾਦੀ ਹੈ। ਉਸ ਦੀ ਪ੍ਰਮੁੱਖ ਜੁਗਤ ਵਿਸਥਾਰ ਸਿਰਜਣਾ ਹੈ। ਉਹ ਕਹਾਣੀ ਦੇ ਇੱਕ ਨੁਕਤੇ ਨੂੰ ਕੇਂਦਰ ਵਿੱਚ ਰੱਖ ਕੇ ਉਸ ਦੁਆਲੇ ਸੰਬੰਧਿਤ ਘਟਨਾਵਾਂ ਦੀ ਬੁਣਤੀ ਬੁਣਦਾ ਹੈ। ਇਸ ਤਰ੍ਹਾਂ ਵਸਤੂ ਯਥਾਰਥ ਦੀਆਂ ਭਿੰਨ-ਭਿੰਨ ਪਰਤਾਂ ਉਘੜ ਆਉਂਦੀਆਂ ਹਨ। ਕਥਾਨਕ ਦੀ ਗੋਂਦ ਉਕਾਊ ਨਹੀਂ ਬਣਦੀ। ਪਾਤਰਾਂ ਨੂੰ ਸਥਿਤੀਆਂ ਅਨੁਕੂਲ ਢਾਲ ਕੇ ਵਾਰਤਾਲਾਪ ਦੁਆਰਾ

ਯਥਾਰਥਕ ਰੰਗ ਚਾੜ੍ਹਦਾ ਹੈ। ਸੰਕੇਤਾਂ ਰਾਹੀਂ ਸਮੁੱਚੀ ਸਥਿਤੀ ਨੂੰ ਉਜਾਗਰ ਕਰਦਾ ਹੈ। 'ਟਿੱਲ ਫਰਦਰ ਆਰਡਰਜ਼' ਦਾ ਵਾਕਾਂਸ਼ ਫ਼ੌਜ ਨੂੰ ਜਾਣ-ਬੁੱਝ ਕੇ ਕਾਰਜਸ਼ੀਲ ਰੱਖਣ ਅਤੇ 'ਕਤਲੇਆਮ' ਜਾਰੀ ਰੱਖਣ ਦੀ ਛੁੱਟੀ ਦੇਣ ਦਾ ਵਾਹਕ ਬਣ ਜਾਂਦਾ ਹੈ। ਮੱਖਣ ਦਾ ਆਪਣੇ ਪੱਟਿਆਂ ਵਿੱਚ ਹੱਥ ਫੇਰਨਾ ਸੰਕੇਤ ਹੈ ਕਿ ਕਟੇ ਵਾਲਾਂ ਵਾਲਿਆਂ ਨੂੰ ਹੁਣ ਖ਼ਤਰਾ ਨਹੀਂ। ਲੇਖਕ ਥੋੜ੍ਹੇ ਵਿੱਚ ਹੀ ਬਹੁਤ ਕੁਝ ਕਹਿ ਜਾਂਦਾ ਹੈ। ਇਸੇ ਵਿੱਚ ਹੀ ਲੇਖਕ ਦੀ ਕਹਾਣੀ ਸਿਰਜਣਾ ਦਾ ਹੁਨਰ ਲੁਕਿਆ ਹੋਇਆ ਹੈ। ਇਹੋ ਉਸ ਦੀ ਸੂਤਰਕ ਤੇ ਸੰਕੇਤਿਕ ਸ਼ੈਲੀ ਦਾ ਕਮਾਲ ਹੈ। ਉਸ ਦੇ ਸ਼ਬਦਾਂ-ਵਾਕਾਂ ਵਿੱਚ ਤਿੱਖਾ ਵਿਅੰਗ ਤੇ ਡੂੰਘੀ ਪੀੜ ਲੁਕੀ ਹੋਈ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਫਿਕਰਿਆਂ (ਵਾਕਾਂ) ਰਾਹੀਂ ਸ਼ੈਲੀ ਦਾ ਸੂਤਰੀਕਰਨ ਵੀ ਕਰਦਾ ਹੈ ਜੋ ਉਸ ਦੀ ਕਹਾਣੀ ਕਲਾ ਦਾ ਨਮੂਨਾ ਹੈ :

''ਮੈਨੂੰ ਲਗਿਆ ਜਿਵੇਂ ਅਸੀਂ ਵ੍ਹਿਸਕੀ ਨਹੀਂ ਚੁੱਪ ਪੀ ਰਹੇ ਸਾਂ''

ਕਹਾਣੀ ਵਿਚਲੀ ਪਾਤਰ ਉਸਾਰੀ ਕਮਾਲ ਦੀ ਹੈ। ਪਾਪ ਅਤੇ ਪੁੰਨ ਦੇ ਖ਼ਿਆਲ ਬੰਦੇ ਦੇ ਨਾਲ-ਨਾਲ ਚਲਦੇ ਹਨ। ਇਹ ਦ੍ਰਿਸ਼ਟੀ ਮੇਜਰ ਚੱਢਾ ਨੂੰ, ਸਗੋਂ ਵਧੇਰੇ ਜਿਊਂਦਾ-ਜਾਗਦਾ ਪਾਤਰ ਬਣਾਉਂਦੀ ਹੈ। ਪਾਤਰ ਨੂੰ ਵਿਸ਼ੇਸ਼ ਸਥਿਤੀ ਵਿੱਚ ਘਿਰਿਆ ਹੋਇਆ ਅਤੇ ਵਿਸ਼ੇਸ਼ ਕਾਰਜ ਕਰਦਿਆਂ ਵਿਖਾ ਕੇ ਵੀ ਪਾਤਰ ਉਸਾਰੀ ਕੀਤੀ ਹੈ। ਜਦੋਂ ਚੱਢਾ ਰਿਵਾਲਵਰ ਲੈਣ ਅੰਦਰ ਜਾਂਦਾ ਹੈ :

''ਮੇਰੇ ਹੱਥ ਵਿੱਚ ਰਿਵਾਲਵਰ ਦੇਖ ਕੇ ਉਹ ਕੰਬ ਉਠੀ ....... ਤੇ ਹੱਥ
ਜੋੜ ਮੂੰਹ 'ਚ ਬੁੜਬੁੜਾਈ ਜਿਵੇਂ ਕਹਿ ਰਹੀ ਹੋਵੇ ........... ਨਾ ਮਾਰੋ।''

ਕਹਾਣੀ ਰਚਨਾ ਵਿੱਚ ਭਾਸ਼ਾ ਦਾ ਅਹਿਮ ਤੱਤ ਹੁੰਦਾ ਹੈ। ਮੋਹਨ ਭੰਡਾਰੀ ਦੀ ਭਾਸ਼ਾ ਸ਼ੁੱਧ ਟਕਸਾਲੀ ਨਹੀਂ ਹੈ, ਸਗੋਂ ਇਸ ਵਿੱਚ ਮਲਵਈ ਦਾ ਰਲਾ ਝਲਕਦਾ ਹੈ। ਵਧੀਆ ਮੁਹਾਵਰੇ, ਸ਼ਬਦ ਭੰਡਾਰ ਦੀ ਵਰਤੋਂ, ਭਾਵ ਚਿੱਤਰ, ਦ੍ਰਿਸ਼ ਚਿਤ੍ਰਣ ਉਸ ਦੀ ਗਲਪਕਾਰੀ ਦੇ ਸੁਹਜ ਨੂੰ ਵਧਾਉਂਦੇ ਹਨ। ਉਸ ਦੀ ਕਹਾਣੀ ਦੀ ਸਰਲਤਾ ਉਸ ਵਿਚਲੀ ਜਟਿਲਤਾ ਨੂੰ ਉਭਾਰਦੀ ਹੈ।

### 1.4.3.3 ਇੱਕੀਵੀਂ ਸਦੀ

#### 1.4.3.3.1 ਕਹਾਣੀਕਾਰ ਨਾਲ ਜਾਣ-ਪਛਾਣ :

'ਇੱਕੀਵੀਂ ਸਦੀ' ਕਹਾਣੀ, ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲਿਖੀ ਹੋਈ ਹੈ। ਗੁਰਬਚਨ ਸਿੰਘ ਦਾ ਜਨਮ ਪਿੰਡ ਪਿੱਥੋ, ਜ਼ਿਲ੍ਹਾ ਬਠਿੰਡਾ ਵਿਖੇ ਸਰਦਾਰ ਹਜ਼ੂਰਾ ਸਿੰਘ ਦੇ ਘਰ ਸੰਨ 1937 ਨੂੰ ਹੋਇਆ। ਪੰਜਾਬੀ ਦੀ ਐਮ.ਏ. ਕਰਕੇ ਉਸਨੇ ਕੁਝ ਦੇਰ ਕਾਲਜ ਵਿੱਚ ਪੜ੍ਹਾਇਆ ਅਤੇ ਫਿਰ ਲੰਮਾ ਸਮਾਂ ਸੋਵੀਅਤ ਰੂਸ ਦੀ ਅੰਬੈਸੀ ਵਿੱਚ ਪੰਜਾਬੀ ਪੱਤਰਕਾਰ ਵਜੋਂ ਕੰਮ ਕੀਤਾ। ਸੋਵੀਅਤ ਅੰਬੈਸੀ ਵਿੱਚ ਕੰਮ ਕਰਦਿਆਂ ਉਸ ਦੀ ਸੰਸਾਰ ਦੇ ਉੱਤਮ ਸਾਹਿਤ ਨਾਲ ਜਾਣ-ਪਛਾਣ ਹੋਈ। ਸੇਵਾ-ਮੁਕਤ ਹੋਣ ਤੋਂ ਬਾਅਦ ਦੋ ਕੁ ਸਾਲ ਉਸਨੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਵਜੋਂ ਵੀ ਕੰਮ ਕੀਤਾ। ਭਾਵੇਂ ਉਸਨੇ ਕੋਸ਼ਕਾਰੀ, ਪੱਤਰਕਾਰੀ, ਅਨੁਵਾਦ, ਬਾਲ-ਸਾਹਿਤ ਦੇ ਵਾਰਤਕ ਦੇ ਖੇਤਰ ਵਿੱਚ ਹੱਥ ਅਜਮਾਇਆ ਹੈ, ਪਰ ਇੱਕ ਕਹਾਣੀਕਾਰ ਵਜੋਂ ਉਸ ਦੀ ਵਿਸ਼ੇਸ਼ ਪਛਾਣ ਹੈ। ਮਾਲਵੇ ਖੇਤਰ ਦਾ ਜੰਮਪਲ ਤੇ ਨੌਕਰੀ ਕਾਰਨ ਦਿੱਲੀ ਵਰਗੇ ਵੱਡੇ ਸ਼ਹਿਰ 'ਚ ਰਹਿਣ ਕਰਕੇ, ਉਸ ਕੋਲ ਪਿੰਡ ਤੇ ਸ਼ਹਿਰ ਦੇ ਜੀਵਨ ਦਾ ਪ੍ਰਮਾਣਿਕ ਅਨੁਭਵ ਹੈ। ਇਹੋ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਵਿੱਚ ਪੰਜਾਬ ਦੇ ਮਾਲਵੇ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਅਤੇ ਮਹਾਂਨਗਰੀ ਲੋਕਾਂ ਵਿਚਲੇ ਟੁੱਟਦੇ ਰਿਸ਼ਤਿਆਂ ਅਤੇ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ ਗਿਆ ਹੁੰਦਾ ਹੈ। ਉਹ ਪ੍ਰਗਤੀਵਾਦੀ, ਯਥਾਰਥਵਾਦੀ ਦ੍ਰਿਸ਼ਟੀ ਦਾ ਧਾਰਨੀ ਹੈ। ਉਸ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ : ਓਪਰਾ ਮਰਦ, ਵਖਤਾਂ ਮਾਰੇ, ਮੈਂ ਗਜ਼ਨਵੀ ਨਹੀਂ, ਦੀਵੇ ਵਾਂਗ ਬਲਦੀ ਅੱਖ, ਸੂਹੇ ਫੁੱਲ, ਕਥਾ-ਭਾਰਤੀ ਅਨੁਵਾਦ (ਮੱਲਿਆਲਮ ਕਹਾਣੀਆਂ), ਅਗਨੀ ਲਕਸ਼।

2005 ਵਿੱਚ ਉਸਦੇ ਕਹਾਣੀ ਸੰਗ੍ਰਹਿ 'ਅਗਨੀ ਲਕਸ਼' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

### 1.4.3.3.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ :

'ਇੱਕੀਵੀਂ ਸਦੀ' ਕਹਾਣੀ ਵਿੱਚ ਕਹਾਣੀਕਾਰ ਦੱਸਣਾ ਚਾਹੁੰਦਾ ਹੈ ਕਿ ਜਿਉਂ-ਜਿਉਂ ਮਨੁੱਖ ਪਦਾਰਥਿਕ ਤਰੱਕੀ ਕਰਦਾ ਜਾਂਦਾ ਹੈ, ਉਸ ਵਿੱਚੋਂ ਮਾਨਵੀ ਸਾਂਝ, ਮੋਹ-ਮੁਹੱਬਤ ਅਤੇ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣਾ ਆਦਿ ਖ਼ਤਮ ਹੁੰਦਾ ਜਾ ਰਿਹਾ ਹੈ। ਵੱਡੇ-ਵੱਡੇ ਸ਼ਹਿਰਾਂ ਵਿੱਚ ਧੰਨ ਦੌਲਤ ਤੇ ਸੁੱਖ-ਸੁਵਿਧਾਵਾਂ ਦਾ ਸਮਾਨ ਤਾਂ ਭਾਵੇਂ ਬਹੁਤ ਹੋ ਗਿਆ ਹੈ ਪਰ ਉੱਥੇ ਪੁਰਾਣੀ ਪੇਂਡੂ ਸਭਿਅਤਾ ਦਾ ਨਿੱਘ ਤੇ ਅਪਣਤ ਘਟਦੀ ਜਾ ਰਹੀ ਹੈ। ਲੋਕ ਨਿੱਜ ਤੱਕ ਸੀਮਤ ਹੁੰਦੇ ਜਾ ਰਹੇ ਹਨ ਅਤੇ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸਿਰਫ਼ ਸਮਾਜਿਕ ਰਸਮ ਨਿਭਾਉਣ ਲਈ ਹੀ ਸ਼ਾਮਿਲ ਹੁੰਦੇ ਹਨ। ਗੁਆਂਢ ਵਿੱਚ ਵੀ ਇੱਕ ਦੂਜੇ ਦੇ ਘਰ ਵਿੱਚ ਅਪਣਤ ਨਾਲ ਜਾਣ ਦੀ ਗੁੰਜਾਇਸ਼ ਹੁਣ ਖ਼ਤਮ ਹੁੰਦੀ ਜਾ ਰਹੀ ਹੈ।

ਬਿਰਤਾਂਤਕਾਰ ਦੀ ਪਤਨੀ ਸਵੇਰੇ-ਸਵੇਰੇ ਕੜੱਕੀ ਵਿੱਚ ਫਸੀ ਚੂਹੀ ਜਦੋਂ ਦੂਰ ਮੈਦਾਨ ਵਿੱਚ ਛੱਡਣ ਗਈ ਤਾਂ ਖਾਲੀ ਪਲਾਟ ਵਿੱਚ ਬਿਸਤਰੇ ਤੇ ਜਨਾਨਾ ਕੱਪੜਿਆਂ ਨੂੰ ਦੇਖ ਉਸਨੇ ਅਨੁਮਾਨ ਲਗਾਇਆ ਕਿ ਗੁਆਂਢੀ ਆਹੂਜੇ ਦੀ ਮਾਂ ਪੂਰੀ ਹੋ ਗਈ। ਅਹੂਜਾ ਪਰਿਵਾਰ ਨਾਲ ਤਾਂ ਮੇਲ-ਜੋਲ ਕਰਨਾ ਔਖਾ ਸੀ। ਦੋਹਾਂ ਪਤੀ-ਪਤਨੀ ਨੇ ਆਹੂਜਾ ਦੇ ਬਿਲਕੁਲ ਨਾਲ ਲੱਗਦੀ ਸਾਂਝੀ ਕੰਧ ਵਾਲੇ ਛਾਬੜਾ ਪਰਿਵਾਰ ਤੋਂ ਪੁੱਛਣ ਦੀ ਸਲਾਹ ਬਣਾਈ ਪਰ ਨਾਲ ਹੀ ਦੋਨੋਂ ਸੋਚਦੇ ਹਨ ਕਿ ਇੰਨੀ ਜਲਦੀ ਉਹ ਹਲੇ ਉਠੇ ਨਹੀਂ ਹੋਣੇ ਅਤੇ ਦੂਜੀ ਉਨ੍ਹਾਂ ਦੀ ਆਦਤ ਵੀ ਅਜੀਬ ਸੀ ਕਿ ਕਈ ਵਾਰੀ ਉਹ ਦਰਵਾਜ਼ਾ ਖੋਲ੍ਹਣ ਤੋਂ ਬਿਨਾ ਹੀ ਬਾਹਰੋਂ-ਬਾਹਰੋਂ ਚਾਹ-ਪਾਣੀ ਦੀ ਰਸਮੀ ਸੁਲਾਹ ਮਾਰਕੇ ਅਗਲੇ ਨੂੰ ਤੋਰ ਦਿੰਦੇ ਸਨ। ਅਜੀਬ ਸਮਾਂ ਹੁੰਦਾ ਜਾ ਰਿਹਾ ਹੈ। ਕਿਸੇ ਦੁਖਦੇ-ਸੁਖਦੇ ਦਾ ਪਤਾ ਲੈਣ ਜਾਣਾ ਤਾਂ ਇੱਕ ਪਾਸੇ ਰਿਹਾ, ਮਰੇ ਦੀ ਹਮਦਰਦੀ ਲਈ ਜਾਣ ਵਾਸਤੇ ਵੀ ਵੇਲਾ ਵਿਚਾਰਨਾ ਪੈਂਦਾ ਹੈ। ਇੱਕ ਉਹ ਵੀ ਸਮਾਂ ਸੀ ਜਦੋਂ ਦੁਖਦੇ-ਸੁਖਦੇ ਦਾ ਸਮਾਂ ਨਹੀਂ ਸੀ ਦੇਖਿਆ ਜਾਂਦਾ। ਅੰਬੋ ਬਿਸ਼ਨੀ ਦੀ ਬੀਮਾਰੀ ਅਤੇ ਉਸ ਦੀ ਮੌਤ ਨਾਲ ਸੰਬੰਧਿਤ ਬਿਰਤਾਂਤ ਸਾਡੇ ਪੇਂਡੂ ਭਾਈਚਾਰੇ ਦੇ ਆਪਸੀ ਸਾਂਝ ਅਤੇ ਮੁਹੱਬਤ ਦੇ ਰਿਸ਼ਤੇ ਨੂੰ ਉਜਾਗਰ ਕਰਦਾ ਹੈ, ਜਿੱਥੇ ਅੰਬੋ ਬਿਸ਼ਨੀ ਬਿਰਤਾਂਤਕਾਰ ਤੇ ਹੋਰ ਪਿੰਡ ਵਾਸੀਆਂ ਦੀ ਰਿਸ਼ਤੇ ਵਿੱਚ ਸਕੀ ਨਾ ਹੋਣ ਦੇ ਬਾਵਜੂਦ ਵੀ ਸਕਿਆਂ ਤੋਂ ਵੱਧ ਸੀ, ਉਸ ਦੀ ਬੀਮਾਰੀ ਤੇ ਮੌਤ ਵੇਲੇ ਸਾਰਾ ਭਾਈਚਾਰਾ ਉਸਦੇ ਅਤੇ ਉਸਦੇ ਪਰਿਵਾਰ ਦੇ ਅੰਗ-ਸੰਗ ਰਹਿੰਦਾ ਹੈ। ਸਭ ਲਈ ਉਸਦੀ ਮੌਤ ਕਿਸੇ 'ਪਰਾਏ' ਦੀ ਨਹੀਂ, ਸਗੋਂ 'ਆਪਣੇ' ਦੀ ਮੌਤ ਵਰਗੀ ਹੈ।

ਬਿਰਤਾਂਤਕਾਰ ਅਤੇ ਉਸਦਾ ਪਰਿਵਾਰ ਅੰਬੋ ਬਿਸ਼ਨੀ ਦੀ ਮੌਤ ਦੀ ਖ਼ਬਰ ਸੁਣਕੇ ਅੱਧੀ ਰਾਤ ਹੀ ਉਸ ਦੇ ਘਰ ਚਲੇ ਗਏ ਸਨ। ਪਿੰਡ ਦੇ ਲੋਕ ਦਿਲ ਦੇ ਸੱਚੇ ਦਰਦ ਤੇ ਹਮਦਰਦੀ ਨਾਲ ਅੰਬੋ ਪ੍ਰਤੀ ਆਪਣੀ ਅਪਣੱਤ ਤੇ ਲਗਾਓ ਦਾ ਬਿਲਕੁਲ ਉਂਜ ਹੀ ਪ੍ਰਗਟਾਵਾ ਕਰਦੇ ਹਨ ਜਿਵੇਂ ਕਦੀ ਅੰਬੋ ਦਿਲ ਦੇ ਪੂਰੇ ਨਿੱਘ ਤੇ ਲਗਾਓ ਨਾਲ ਜਿਉਂਦੇ ਸਮੇਂ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੀ ਰਹੀ ਸੀ। ਜੇ ਪਿੰਡ ਦੇ ਲੋਕਾਂ ਦੇ ਦਿਲ ਖੁੱਲ੍ਹੇ ਸਨ ਤਾਂ ਉਨ੍ਹਾਂ ਵਿਚਲੀ ਹਮਦਰਦੀ ਸਵੀਕਾਰ ਕਰਨ ਵਾਲਿਆਂ ਦੇ ਦਰਵਾਜ਼ੇ ਵੀ ਰਾਤ-ਬਰਾਤੇ ਖੁੱਲ੍ਹੇ ਰਹਿੰਦੇ ਸਨ। ਸਭ ਨੂੰ ਆਪਣਾ ਸਮਝਣ ਵਾਲੀ ਬਿਸ਼ਨੀ ਬਾਰੇ ਗੱਲਾਂ ਕਰਦੇ ਪਤਾ ਨਹੀਂ ਕਦੋਂ ਸਵੇਰ ਹੋ ਗਈ। ਸਾਰਿਆਂ ਨੇ ਰਲ ਕੇ ਬਿਸ਼ਨੀ ਦੇ ਸੰਸਕਾਰ ਦੀਆਂ ਰਸਮਾਂ ਪੂਰੀਆਂ ਕੀਤੀਆਂ।

ਦੂਜੇ ਪਾਸੇ ਡਿੱਗ ਕੇ ਰੀੜ੍ਹ ਦੀ ਹੱਡੀ ਤੁੜਵਾ ਬੈਠੀ ਅਹੂਜੇ ਦੀ ਮਾਂ ਦਾ ਪਤਾ ਕਰਨ ਗਈਆਂ ਗਵਾਂਢਣਾਂ ਨੂੰ ਅਹੂਜੇ ਦੀ ਪਤਨੀ ਆਪਣੇ ਨੌਕਰ ਰਾਹੀਂ ਅਖਵਾ ਕੇ ਅਸਿੱਧੇ ਤਰੀਕੇ ਨਾਲ ਅੰਦਰ ਆਉਣੋਂ ਮਨ੍ਹਾ ਕਰ ਦਿੰਦੀ ਹੈ। ਇਸੇ ਕਰਕੇ ਉਸ ਤੋਂ ਬਾਅਦ ਕੋਈ ਉਨ੍ਹਾਂ ਦੇ ਘਰ ਮੁੜ ਕੇ ਨਾ ਗਿਆ। ਦੁੱਖ ਦੀ ਗੱਲ ਤਾਂ ਇਹ ਹੈ ਕਿ ਅਹੂਜਾ ਪਰਿਵਾਰ ਅਹੂਜਾ ਦੀ ਮੌਤ ਦੀ ਖ਼ਬਰ ਵੀ ਆਪਣੇ ਆਂਢ-ਗੁਆਂਢ ਨਾਲ ਸਾਂਝੀ ਕਰਨੀ ਗਵਾਰਾ ਨਹੀਂ ਕਰਦਾ। ਆਪਣੇ ਨਵੇਂ ਘਰ ਦੀ ਚੱਠ ਕਰਨ ਸਮੇਂ ਅਹੂਜੇ ਨੇ ਗੁਆਂਢੀਆਂ ਨੂੰ ਉਪਰਲੇ ਮਨੋਂ ਹੀ ਕਾਰਡ ਨੌਕਰ ਦੇ ਹੱਥ ਭਿਜਵਾਏ ਸਨ ਪਰ ਹੁਣ ਦੁੱਖ ਵਿੱਚ ਤਾਂ ਪਿੱਛੇ ਨਹੀਂ ਹਟਿਆ ਜਾਂਦਾ। ਇਹੀ ਸੋਚ ਕੇ ਬਿਰਤਾਂਤਕਾਰ ਤੇ ਉਸਦੀ ਪਤਨੀ ਛਾਬੜਾ ਦੇ ਘਰ ਜਾਂਦੇ ਹਨ ਤੇ ਉੱਥੇ ਪਤਾ ਲੱਗਦਾ ਹੈ ਕਿ ਉਹ ਤਾਂ ਕੱਲ੍ਹ ਦੁਪਹਿਰ ਦੀ ਮਰੀ ਹੋਈ ਹੈ।

ਜਦੋਂ ਇਨ੍ਹਾਂ ਦੋਹਾਂ ਨੇ ਅੰਤਿਮ ਸੰਸਕਾਰ ਤੇ ਜਾਣ ਦੀ ਗੱਲ ਕੀਤੀ ਤਾਂ ਛਾਬੜੇ ਕੋਲੋਂ ਪਤਾ ਲੱਗਿਆ ਕਿ ਉਹ ਵੀ ਕੰਮ ਸ਼ਾਮ ਨੂੰ ਹੀ ਕਰ ਦਿੱਤਾ ਗਿਆ ਸੀ। ਉਹ ਦੋਨੋਂ ਹੈਰਾਨ ਸਨ ਕਿ ਆਦਮੀਆਂ ਔਰਤਾਂ ਤੋਂ ਬਿਨਾ ਹੀ ਉਨ੍ਹਾਂ ਸਭ ਕੁਝ ਆਪ ਹੀ ਕਰ ਲਿਆ। ਛਾਬੜੇ ਨੇ ਬੜੇ ਹੀ ਸਹਿਜੇ ਨਾਲ ਅੰਤਮ ਸੰਸਕਾਰ ਦੀ ਰਸਮ ਨੂੰ ਵਾਧੂ ਤੇ ਸਰੀਰ ਨੂੰ ਮਿੱਟੀ ਦੱਸਦਿਆਂ ਦੱਸਿਆ ਕਿ ਮਾਤਾ ਦੀ ਦੇਹ ਨੂੰ ਸਮਸ਼ਾਨ-ਘਾਟ ਲੈ ਜਾਣ ਲਈ ਫੈਕਟਰੀ ਤੋਂ ਮਜ਼ਦੂਰ ਆ ਗਏ ਸੀ ਅਤੇ ਟੈਂਪੂ ਵਿੱਚ ਲੈ ਗਏ। ਛਾਬੜੇ ਨੇ ਇਹ ਸਾਰਾ ਕੁਝ ਇੰਨੀ ਸਹਿਜਤਾ ਨਾਲ ਹੋਇਆ ਦੱਸਿਆ ਜਿੰਨੀ ਸਹਿਜਤਾ ਨਾਲ ਬਿਰਤਾਂਤਕਾਰ ਦੀ ਪਤਨੀ ਕੁਝ ਸਮਾਂ ਪਹਿਲਾਂ ਚੂਹੀ ਨੂੰ ਪਿੰਜਰੇ ਵਿੱਚੋਂ ਬਾਹਰ ਛੱਡ ਕੇ ਆਈ ਸੀ।

ਜੇ ਅਹੂਜਾ ਦਾ ਆਪਣੇ ਆਂਢ-ਗੁਆਂਢ ਪ੍ਰਤੀ ਰਵੱਈਆ ਅਜਿਹਾ ਨਿਰਲਿਪਤ ਹੈ ਤਾਂ ਛਾਬੜਾ ਵਰਗਿਆਂ ਦਾ ਰਵੱਈਆ ਵੀ 'ਛੱਡੋ, ਭਾਈ ਸਾਹਿਬ' ਵਾਲਾ ਹੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸ ਸ਼੍ਰੇਣੀ ਦਾ ਇੱਕ ਦੂਜੇ ਨਾਲ ਮਹਿਜ ਰਸਮ-ਪੂਰਤੀ ਦਾ ਰਿਸ਼ਤਾ ਹੀ ਰਹਿ ਗਿਆ ਹੈ। ਇੱਕੀਵੀਂ ਸਦੀ ਵਿੱਚ ਪ੍ਰਾਪਤ ਆਧੁਨਿਕ ਸਾਜੋ-ਸਾਮਾਨ ਵਾਲੇ ਘਰਾਂ ਵਿੱਚ ਰਹਿੰਦੇ ਢਿੱਡੋਂ 'ਰੱਜੇ-ਪੁੱਜੇ' ਪਰ ਮੋਹ-ਮੁਹੱਬਤ ਤੋਂ ਸੱਖਣੇ ਇਨ੍ਹਾਂ ਲੋਕਾਂ ਨੇ ਆਪਣੇ-ਆਪ ਨੂੰ ਆਪਣੇ ਘਰਾਂ ਦੀਆਂ ਚਾਰ-ਦੀਵਾਰੀਆਂ ਦੇ ਪਿੰਜਰੇ ਵਿੱਚ ਕੈਦ ਕਰ ਲਿਆ ਹੈ।

ਅਹੂਜਾ ਦੀ ਮਾਂ ਦੇ ਹਵਾਲੇ ਨਾਲ ਲੇਖਕ ਇਹ ਸੰਕੇਤ ਕਰਦਾ ਹੈ ਕਿ ਇਨ੍ਹਾਂ ਲੋਕਾਂ ਦਾ ਸ਼ਾਇਦ ਪੈਸੇ ਤੇ ਕਾਰੋਬਾਰ ਨਾਲ ਹੀ ਨੇੜਲਾ ਰਿਸ਼ਤਾ ਰਹਿ ਗਿਆ ਹੈ। 'ਮਾਂ' ਵਰਗਾ ਮਹੱਤਵਪੂਰਨ ਰਿਸ਼ਤਾ ਵੀ ਇਨ੍ਹਾਂ ਲਈ ਬੇਲੋੜਾ ਅਤੇ ਬੋਝਲ ਹੋਕੇ ਰਹਿ ਗਿਆ ਹੈ। ਪੁੱਤ ਵੱਲ ਬੇਧਿਆਨੀ ਅਤੇ ਨੂੰਹ ਵੱਲ ਸੱਸ ਨੂੰ ਸਰੀਰਕ ਤੌਰ ਤੇ ਪੀੜਤ ਕਰਨ ਦੇ ਸੰਕੇਤ ਵੀ ਕਹਾਣੀ ਵਿੱਚ ਮਿਲਦੇ ਹਨ। ਉਹ ਵਿਚਾਰੀ ਪਿੰਜਰੇ ਵਿੱਚ ਕੈਦ ਚੂਹੀ ਵਾਂਗ ਬੀਮਾਰੀ ਦੇ ਬਿਸਤਰ ਤੇ ਲੇਟੀ ਮੁਹੱਬਤ ਭਰੇ ਬੋਲਾਂ ਲਈ ਸਹਿਕਦੀ ਰਹੀ ਹੋਵੇਗੀ। ਕਹਾਣੀ ਦਾ ਦੁਖਾਂਤਕ ਵਿਅੰਗ ਮਾਂ ਵਰਗੇ ਪਵਿੱਤਰ ਰਿਸ਼ਤੇ ਦੀ ਹੋਂਦ ਦਾ ਨੁਕਸਾਨ ਕਰਨ ਵਾਲੀ ਪਿੰਜਰੇ ਵਿੱਚ ਬੰਦ ਚੂਹੀ ਵਿੱਚ ਵਟ ਜਾਣਾ ਹੈ।

### 1.4.3.3.3 ਆਲੋਚਨਾਤਮਕ ਪਰਖ :

ਗੁਰਬਚਨ ਭੁੱਲਰ ਦੀ ਇਹ ਸੰਖੇਪ ਜਿਹੀ ਕਹਾਣੀ ਆਪਣੇ ਵਿੱਚ ਬੜੇ ਡੂੰਘੇ ਅਰਥ ਛੁਪਾਈ ਬੈਠੀ ਹੈ ਅਤੇ ਕਹਾਣੀ ਦਾ ਨਾਂ ਵਿਅੰਗ ਅਰਥਾਂ ਨੂੰ ਉਜਾਗਰ ਕਰਦਾ ਹੈ। 'ਇੱਕੀਵੀਂ ਸਦੀ' ਨਾਂ ਜੇ ਪਦਾਰਥਕ ਤਰੱਕੀ ਦੇ ਵਧਦੇ ਗਰਾਫ਼ ਦਾ ਸੂਚਕ ਹੈ ਤਾਂ ਕਹਾਣੀ ਵਿਚਲਾ ਬਿਰਤਾਂਤ ਸਾਡੀਆਂ ਭਾਈਚਾਰਕ ਅਤੇ ਮਾਨਵੀ ਕਦਰਾਂ-ਕੀਮਤਾਂ ਦੇ ਦਿਨੋਂ-ਦਿਨ ਸੁੰਗੜਦੇ ਗਰਾਫ਼ ਦੀ ਗਵਾਹੀ ਦਿੰਦਾ ਹੈ। ਸ਼ਹਿਰੀ ਪਾਤਰਾਂ ਦੀ ਤੰਗ-ਦਿਲੀ ਅਤੇ ਸਵਾਰਥੀ ਰੁਚੀਆਂ ਨੂੰ ਭੁੱਲਰ ਹਲਕੇ ਵਿਅੰਗ ਦੀ ਦ੍ਰਿਸ਼ਟੀ ਨਾਲ ਚਿਤਰਦਾ ਹੈ। ਜਿਵੇਂ ਕਿ ਮਾਂ ਦੇ ਮਰਨ ਤੇ ਅਹੂਜਾ ਤੇ ਉਹਦੀ ਪਤਨੀ ਲਈ ਲੇਖਕ ਵੱਲੋਂ ਵਰਤੇ ਗਏ ਸ਼ਬਦ, ''ਕਿਉਂ? ਰੋਣ-ਚੀਕਣ ਦੇ ਪਖੰਡ ਕਰਦੇ ਨੇ?''

ਮਿਸਿਜ਼ ਛਾਬੜਾ ਵੱਲੋਂ ਸਹਿਜਤਾ ਨਾਲ ਕਹੇ ਸ਼ਬਦ, ''ਮਰੀ ਕੀ ਭਰਾ ਜੀ, ਪਿੰਜਰੇ ਵਿੱਚੋਂ ਛੁੱਟ ਗਈ। ਨਰਕ ਜੂਨ ਕੱਟੀ ਗਈ ਬਿਚਾਰੀ ਦੀ।''

ਅੰਬੋ ਬਿਸ਼ਨੀ ਦੇ ਮਰਨ ਸਮੇਂ ਪੇਂਡੂ ਜਨ-ਜੀਵਨ ਨਾਲ ਸੰਬੰਧਿਤ ਬਹੁਤ ਹੀ ਜੀਵੰਤ ਕਿਸਮ ਦਾ ਵੇਰਵਾ ਇਸ ਗੱਲ ਦਾ ਸੰਕੇਤ ਹੈ ਕਿ ਲੇਖਕ ਬਜ਼ੁਰਗਾਂ ਪ੍ਰਤੀ ਸਾਡੀ ਪਥਰਾਉਂਦੀ ਜਾ ਰਹੀ ਸੰਵੇਦਨਸ਼ੀਲਤਾ ਨੂੰ ਤਰਲ ਹੋਇਆ ਦੇਖਣ ਦਾ ਅਭਿਲਾਸ਼ੀ ਹੈ ਜੋ ਸ਼ਹਿਰੀ ਜੀਵਨ ਵਿੱਚੋਂ ਅਲੋਪ ਹੁੰਦੀ ਜਾ ਰਹੀ ਹੈ। ਕਹਾਣੀ ਦਾ ਸਿਰਲੇਖ ਢੁੱਕਵਾਂ ਹੈ। ਉਸਦੀ ਸ਼ੈਲੀ ਵਿੱਚ ਸਰਲਤਾ ਅਤੇ ਸਪੱਸ਼ਟਤਾ ਦੇ ਉਭਰਵੇਂ ਗੁਣ ਹਨ। ਉਸ ਦੇ ਪੇਂਡੂ ਪਾਤਰ ਠੇਠ ਮਲਵਈ ਉਪਭਾਸ਼ਾ ਰਾਹੀਂ ਮੁਹਾਵਰੇਦਾਰ ਬੋਲੀ 'ਚ ਗੱਲ ਕਰਦੇ ਹਨ। ਜਿਵੇਂ ਕਿ ਅੰਬੋ ਬਿਸ਼ਨੀ ਬਾਰੇ ਦੱਸਦਿਆਂ ਲੇਖਕ ਦੇ ਪਿਤਾ ਦੇ ਬੋਲ, ''ਗਿੱਚੀ ਠਰੀ ਪਈ ਹੈ, ਹੁਣ ਚਾਚੀ ਬਹੁਤਾ ਚਿਰ ਨਹੀਂ ਲੰਘਾਉਂਦੀ।''

ਸਮੁੱਚੇ ਰੂਪ ਵਿੱਚ ਇਹ ਉੱਤਮ ਕਹਾਣੀ ਹੈ ਜਿਸ ਵਿੱਚ ਕਹਾਣੀਕਾਰ ਨੇ ਅਹੂਜਾ ਦੀ ਮਾਂ ਦੀ ਮੌਤ ਦੇ ਪ੍ਰਸੰਗ ਨੂੰ ਅੰਬੋ ਬਿਸ਼ਨੀ ਦੀ ਮੌਤ ਦੇ ਪ੍ਰਸੰਗ ਦੇ ਸਮਾਨੰਤਰ ਰੱਖਕੇ ਟਕਰਾਉਂਦੇ ਅਰਥਾਂ ਰਾਹੀਂ

ਇਸ ਹਕੀਕਤ ਨੂੰ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ ਕਿ ਸ਼ਹਿਰਾਂ ਵਿੱਚ ਲੋਕ ਕਿੰਨੇ ਨਿੱਜ ਕੇਂਦਰਿਤ ਹੋ ਗਏ ਹਨ।

## 1.4.4 ਸਿੱਟਾ

ਕਹਾਣੀ ਜਿਉਣ ਜੋਗੇ ਵਿਚ ਲੇਖਿਕਾ ਨੇ ਹਾਉਕੇ, ਦੁੱਖਾਂ, ਹਾਰ, ਮੌਤ ਦੇ ਹਾਸੇ, ਖੁੱਸ਼ੀ, ਹਾਸੇ ਅਤੇ ਜ਼ਿੰਦਗੀ ਦੇ ਪਰਸਪਰ ਤਣਾਓ ਨੂੰ ਕਲਾਤਮਕ ਸੰਤੁਲਨ ਵਿਚ ਬੰਨ੍ਹਿਆ ਹੈ। ਮੋਹਨ ਭੰਡਾਰੀ ਵੀ ਆਪਣੀ ਕਹਾਣੀ ਵਿਚ ਪ੍ਰਗਤੀਵਾਦੀ ਯਥਾਰਵਾਦੀ ਦ੍ਰਿਸ਼ਟੀ ਤੋਂ ਰਚਨਾ ਕਰਦਾ ਹੈ। ਗੁਰਬਚਨ ਭੁੱਲਰ ਵੀ ਸੰਖੇਪ ਰੂਪ ਵਿਚ ਡੂੰਘਾ ਅਰਥਾਂ ਨੂੰ ਬਿਆਨਦਾ ਹੈ।

## 1.4.5 ਅਭਿਆਸ ਲਈ ਸੰਖੇਪ ਪ੍ਰਸ਼ਨ

1. ਪਿੰਡ ਨੂੰ ਕਿਉਂ ਢਾਹਿਆ ਜਾ ਰਿਹਾ ਹੈ?
2. ਤੁਹਾਡੇ ਖ਼ਿਆਲ ਵਿੱਚ ਭੰਤੋ ਮਹਿਰੀ ਦੇ ਕਮਲੇ ਹੋਣ ਦੇ ਕੀ ਕਾਰਨ ਹਨ?
3. ਪੰਚਾਇਤ ਵੱਲੋਂ ਲੱਛੂ ਨੂੰ ਕਿਹੋ ਜਿਹਾ ਨਿਆਂ ਮਿਲਦਾ ਹੈ?
4. ਕਹਾਣੀ ਦਾ ਨਾਂ 'ਜੀਊਣ ਜੋਗੇ' ਹੋਣ ਪਿੱਛੇ ਲੁਕੇ ਭਾਵ-ਅਰਥ ਕੀ ਹਨ?
5. 'ਮੂਨ ਦੀ ਅੱਖ', ਕਹਾਣੀ ਦਾ ਸਿਰਲੇਖ ਕਿਵੇਂ ਬਣਦੀ ਹੈ?
6. 'ਮੂਨ ਦੀ ਅੱਖ' ਕਹਾਣੀ ਵਿੱਚ ਲੇਖਕ ਨੇ ਕਿਹੜੀ ਮੁੱਖ ਘਟਨਾ ਨੂੰ ਪੇਸ਼ ਕੀਤਾ ਹੈ?
7. ਨਸੀਬ ਕੌਰ ਦੀ ਅੱਖ ਵਿਚਲਾ ਹੰਝੂ ਫ਼ੌਜੀ ਅਫ਼ਸਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?
8. ਮੋਹਨ ਭੰਡਾਰੀ ਦੀਆਂ ਕਾਵਿ-ਰਚਨਾਵਾਂ ਦੇ ਨਾਂ ਲਿਖੋ।
9. ਕਹਾਣੀ ਦੇ ਸਿਰਲੇਖ ਬਾਰੇ ਦੱਸੋ?
10. ਗੁਰਬਚਨ ਭੁੱਲਰ ਨੇ ਅੰਬੋ ਬਿਸ਼ਨੀ ਦੇ ਚਰਿਤਰ ਰਾਹੀਂ ਕੀ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ?
11. ਲੇਖਕ ਨੇ ਪਿੰਡ ਤੇ ਸ਼ਹਿਰ ਦੇ ਫ਼ਰਕ ਨੂੰ ਕਿਵੇਂ ਪ੍ਰਗਟਾਇਆ ਹੈ?
12. ਗੁਰਬਚਨ ਭੁੱਲਰ ਦੇ ਕਹਾਣੀ ਸੰਗ੍ਰਹਿਾਂ ਦੇ ਨਾਂ ਦੱਸੋ?

## 1.4.6 ਸਹਾਇਕ ਪੁਸਤਕ ਸੂਚੀ

ਸਰਬਜੀਤ ਸਿੰਘ (ਸੰਪਾ.), ਮੋਹਨ ਭੰਡਾਰੀ - ਸ਼ਬਦ ਸੰਵੇਦਨਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000।

ਕਥਾ ਰੰਗ (ਸੰਪਾ.) - ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਸਿੰਘ ਚੀਮਾ

**ਪਾਠ ਨੰਬਰ : 1.5** **ਲੇਖਿਕਾ : ਡਾ. ਹਰਜੋਤ ਕੌਰ**

## ਬਠਲੂ ਚਮਿਆਰ, ਜਿੱਥੋਂ ਸੂਰਜ ਉਗਦਾ ਹੈ ਅਤੇ ਡੁੰਮ੍ਹ ਕਹਾਣੀਆਂ ਦਾ ਸਾਰ

1.5.1 ਪਾਠ ਦਾ ਉਦੇਸ਼
1.5.2 ਭੂਮਿਕਾ
1.5.3 ਪਾਠ ਦੀ ਰੂਪ ਰੇਖਾ
- 1.5.3.1 ਬਠਲੂ ਚਮਿਆਰ
  - 1.5.3.1.1 ਕਹਾਣੀਕਾਰ ਨਾਲ ਜਾਣ-ਪਛਾਣ
  - 1.5.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ
  - 1.5.3.1.3 ਆਲੋਚਨਾਤਮਕ ਪਰਖ
- 1.5.3.2 ਜਿੱਥੋਂ ਸੂਰਜ ਉਗਦਾ ਹੈ
  - 1.5.3.2.1 ਕਹਾਣੀਕਾਰ ਨਾਲ ਜਾਣ-ਪਛਾਣ
  - 1.5.3.2.2 ਕਹਾਣੀ ਦਾ ਸਾਰ /ਵਿਸ਼ਾ-ਵਸਤੂ
  - 1.5.3.2.3 ਆਲੋਚਨਾਤਮਕ ਪਰਖ
- 1.5.3.3 ਡੁੰਮ੍ਹ
  - 1.5.3.3.1 ਕਹਾਣੀਕਾਰ ਨਾਲ ਜਾਣ-ਪਛਾਣ
  - 1.5.3.3.2 ਕਹਾਣੀ ਦਾ ਸਾਰ /ਵਿਸ਼ਾ-ਵਸਤੂ
  - 1.5.3.3.3 ਆਲੋਚਨਾਤਮਕ ਪਰਖ

1.5.4 ਸਿੱਟਾ
1.5.5 ਅਭਿਆਸ ਲਈ ਪ੍ਰਸ਼ਨ
1.5.6 ਸਹਾਇਕ ਪੁਸਤਕ ਸੂਚੀ

### 1.5.1 ਪਾਠ ਦਾ ਉਦੇਸ਼

ਇਸ ਪਾਠ ਦਾ ਮੰਤਵ 'ਕਥਾ ਰੰਗ' ਕਹਾਣੀ ਸੰਗ੍ਰਹਿ ਵਿੱਚ ਸ਼ਾਮਲ ਕਹਾਣੀਕਾਰ ਅਤਰਜੀਤ, ਕਿਰਪਾਲ ਕਜ਼ਾਕ ਅਤੇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਬਾਰੇ ਚਰਚਾ ਕਰਨਾ ਹੈ।

### 1.5.2 ਭੂਮਿਕਾ

ਇਸ ਪਾਠ ਵਿਚ ਕਹਾਣੀਕਾਰ ਅਤਰਜੀਤ, ਨਿਕਪਾਠ ਕਜ਼ਾਕ ਅਤੇ ਵਰਿਆਮ ਸੰਧੂ ਦੀਆਂ ਕ੍ਰਮਵਾਰ ਬਠਲੂ ਚਮਿਆਰ, ਜਿੱਥੋਂ ਸੂਰਜ ਉਗਦਾ ਹੈ ਅਤੇ ਡੁੰਮ੍ਹ ਕਹਾਣੀਆਂ ਦਾ ਵਿਸ਼ਾ-ਵਸਤੂ/ਸਾਰ ਆਲੋਚਨਾਤਮਕ ਅਧਿਐਨ ਅਤੇ ਕਹਾਣੀਕਾਰਾਂ ਦੀ ਜਾਣ-ਪਛਾਣ ਸਬੰਧੀ ਚਰਚਾ ਹੈ।

## 1.5.3 ਪਾਠ ਦੀ ਰੂਪ-ਰੇਖਾ

### 1.5.3.1 ਬਠਲੂ ਚਮਿਆਰ

#### 1.5.3.1.1 ਕਹਾਣੀਕਾਰ ਨਾਲ ਜਾਣ-ਪਛਾਣ

'ਬਠਲੂ ਚਮਿਆਰ' ਕਹਾਣੀ ਅਤਰਜੀਤ ਦੀ ਲਿਖੀ ਹੋਈ ਹੈ। ਅਤਰਜੀਤ ਦਾ ਜਨਮ ਸ੍. ਚੰਨਣ ਸਿੰਘ ਦੇ ਘਰ ਮੰਡੀ ਕਲਾਂ ਜ਼ਿਲ੍ਹਾ ਬਠਿੰਡਾ ਵਿੱਚ ਸੰਨ 1941 ਨੂੰ ਹੋਇਆ। ਉਸਦਾ ਪਰਿਵਾਰ ਧਾਰਮਿਕ ਰੁਚੀਆਂ ਵਾਲਾ ਸੀ। ਵਿੱਦਿਆ ਹਾਸਲ ਕਰਨ ਉਪਰੰਤ ਉਸਨੇ ਸਕੂਲ ਅਧਿਆਪਕ ਦੀ ਨੌਕਰੀ ਕੀਤੀ ਅਤੇ ਸੇਵਾ ਮੁਕਤੀ ਤੋਂ ਬਾਅਦ ਉਸਨੇ ਪਿੰਡ-ਪਿੰਡ ਜਾਕੇ ਪੁਸਤਕ-ਨੁਮਾਇਸ਼ਾਂ ਲਗਾਈਆਂ ਤਾਂ ਕਿ ਲੋਕਾਂ ਵਿੱਚ ਪੜ੍ਹਨ ਦਾ ਸ਼ੌਕ ਪੈਦਾ ਹੋ ਸਕੇ। ਦਲਿਤ ਪਰਿਵਾਰ ਵਿੱਚ ਪੈਦਾ ਹੋਣ ਕਰਕੇ ਉਸਨੂੰ ਦਲਿਤ ਜੀਵਨ ਦੀਆਂ ਸਮੱਸਿਆਵਾਂ ਦਾ ਵੀ ਅਨੁਭਵ ਸੀ। ਇਸੇ ਕਰਕੇ ਉਸਦੇ ਮਨ ਅੰਦਰ ਆਰਥਿਕ ਤੰਗੀ ਤੇ ਮਾਨਸਿਕ ਪੀੜਾ ਦੇਣ ਵਾਲੇ ਸਮਾਜਿਕ-ਰਾਜਨੀਤਕ ਪ੍ਰਬੰਧ ਬਦਲਣ ਦੀ ਤਾਂਘ ਵੀ ਹੈ। ਦਬੇ-ਕੁਚਲੇ ਲੋਕਾਂ ਦੇ ਜੀਵਨ ਦੀਆਂ ਦੁਖਾਂਤਕ ਝਾਕੀਆਂ ਪੇਸ਼ ਕਰਨ ਕਰਕੇ ਹੀ ਅਤਰਜੀਤ ਨੂੰ 'ਅਦਨੇ ਲੋਕਾਂ ਦਾ ਲੇਖਕ' ਕਿਹਾ ਜਾਂਦਾ ਹੈ। ਉਸਦੀ ਤਿੱਖੀ ਨਜ਼ਰ ਸ਼ੋਸ਼ਕ ਵਰਗ ਦੇ ਹੱਕ ਵਿੱਚ ਭੁਗਤਦੇ ਪ੍ਰਵਾਨਿਤ ਸਦਾਚਾਰ ਦੇ ਉਹਲੇ ਵਿੱਚ ਲੁਕੇ ਗੈਰ-ਸਦਾਚਾਰਕ ਅੰਸ਼ਾਂ ਨੂੰ ਪਛਾਣ ਤੇ ਪੇਸ਼ ਕਰ ਸਕਣ ਦੇ ਸਮਰੱਥ ਹੈ।

ਅਤਰਜੀਤ ਨੇ ਜਟਿਲ ਬਿਰਤਾਂਤ ਵਾਲੀ ਲੰਮੇ ਆਕਾਰ ਦੀ ਕਹਾਣੀ ਲਿਖਕੇ ਪੰਜਾਬੀ ਕਹਾਣੀ ਦੇ ਪਰੰਪਰਾਗਤ ਮਾਡਲ ਵਿੱਚ ਨਵੇਂ ਪਾਸਾਰ ਜੋੜੇ ਹਨ। ਉਸਦੀ ਕਹਾਣੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ: ਮਾਸਖੋਰੇ, ਟੁੱਟਦੇ ਬਣਦੇ ਰਿਸ਼ਤੇ, ਅਦਨਾ ਇਨਸਾਨ, ਕਹਾਣੀ ਕੌਣ ਲਿਖੇਗਾ?, ਅੰਨ੍ਹੀ ਥੇਹ, ਤੀਜਾ ਯੁੱਧ।

#### 1.5.3.1.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ

ਕਹਾਣੀ 'ਬਠਲੂ ਚਮਿਆਰ' ਸੱਤਾ ਅਤੇ ਸਥਾਪਤੀ ਦੁਆਰਾ ਨਿਮਨ ਵਰਗ ਦੇ ਭਾਵੁਕ ਅਤੇ ਆਰਥਿਕ ਸ਼ੋਸ਼ਣ ਦਾ ਵਿਵੇਕ ਸਿਰਜਦੀ ਹੈ। ਕਹਾਣੀ ਵਿਚਲਾ ਸਰਪੰਚ ਜਾਂ ਪੰਚਾਇਤ ਮੈਂਬਰ ਵਿਸ਼ੇਸ਼ ਵਿਅਕਤੀ ਨਾ ਰਹਿ ਕੇ ਸੱਤਾ ਜਾਂ ਸਥਾਪਿਤ ਤਾਕਤਾਂ ਦੇ ਪ੍ਰਤੀਕ ਬਣਦੇ ਹਨ ਅਤੇ ਸੁੰਦਰ ਉਰਫ਼ ਬਠਲੂ ਚਮਿਆਰ ਨਿਮਨ ਵਰਗ ਦਾ ਪ੍ਰਤੀਨਿਧ ਪਾਤਰ ਹੋ ਨਿਬੜਦਾ ਹੈ।

ਪਿੰਡ ਨੀਵਾਂ ਹੋਣ ਕਰਕੇ ਮੀਂਹ ਦੇ ਦਿਨਾਂ ਵਿੱਚ ਰੋੜਾਂ ਵਾਲੀ ਛਪੜੀ ਤੇ ਦਿਉਣ ਦੇ ਰਾਹ ਵਿਚਲਾ ਟੋਆ ਦਿਨ-ਬ-ਦਿਨ ਵੱਡਾ ਤੇ ਡੂੰਘਾ ਹੋਈ ਜਾ ਰਿਹਾ ਸੀ। ਉਸ ਕੋਲੋਂ ਲੰਘਦੇ ਸਾਰੇ ਪਿੰਡ ਦੇ ਲੋਕ ਖਿੱਝਦੇ ਮੱਥੇ ਵੱਟ ਪਾਉਂਦੇ ਪੰਚਾਇਤ ਨੂੰ ਬੁਰਾ-ਭਲਾ ਕਹਿੰਦੇ। ਇੱਕ ਰਾਤ ਹਨ੍ਹੇਰੇ ਵਿੱਚ ਕੱਖਾਂ ਦਾ ਲੱਦਾ ਲਈ ਆਉਂਦਾ ਊਠ ਇਸ ਵਿੱਚ ਡਿੱਗ ਪਿਆ ਅਤੇ ਉਹਦੀ ਅਗਲੀ ਲੱਤ ਟੁੱਟ ਗਈ। ਇਸੇ ਤਰ੍ਹਾਂ ਹੀ ਇੱਕ ਗੱਡਾ ਟੋਏ ਵਿੱਚ ਡਿੱਗਣੋਂ ਮਸਾਂ ਬਚਿਆ। ਲੋਕਾਂ ਦਾ ਰੌਲਾ-ਰੱਪਾ ਸੁਣ ਕੇ ਸਰਪੰਚ ਨੇ ਟੋਆ ਭਰਨ ਲਈ ਕਿਸੇ ਨੂੰ ਠੇਕਾ ਦੇਣਾ ਪ੍ਰਵਾਨ ਕਰ ਲਿਆ। ਟੋਏ ਦਾ ਠੇਕਾ ਸੁੰਦਰ ਨੇ ਲੈ ਲਿਆ ਕਿਉਂਕਿ ਮਿੱਟੀ ਦਾ ਕੰਮ ਕਰਨ ਲਈ ਉਹ ਬਹੁਤ ਹੁਸ਼ਿਆਰ ਸੀ। ਪਹਿਲਾਂ ਪਿੰਡ ਦੇ ਗੁਰਦੁਆਰੇ ਵਾਲਾ ਟੋਭਾ ਪੁੱਟਦੇ ਸਮੇਂ ਸੁੰਦਰ ਸਭ ਤੋਂ ਵੱਡਾ ਬੱਠਲ ਗਿੱਲੀ ਤੇ ਚੀਕਣੀ ਮਿੱਟੀ ਦਾ ਚੁੱਕਦਾ ਰਿਹਾ ਸੀ। ਉਸਨੇ ਜੋਸ਼ ਵਿੱਚ ਆਕੇ ਹੌਂਕਦੇ ਹੋਏ ਨੇ ਹੀ ਬੱਠਲ ਚੁੱਕ ਕੇ ਕਿੰਨੇ ਹੀ ਗੇੜੇ ਲਾਏ, ਉਸੇ ਦਿਨ ਤੋਂ ਉਸਦਾ ਨਾਂ ਬਠਲੂ ਚਮਿਆਰ ਪੈ ਗਿਆ ਸੀ।

ਪਿੰਡ ਦਾ ਕੰਮ ਸਮਝ ਤੇ ਸੇਵਾ ਭਾਵਨਾ ਕਰਕੇ ਉਸਨੇ ਇਸ ਛੱਪੜ ਦਾ ਉੱਕਾ-ਪੁੱਕਾ 25 ਰੁਪਏ ਠੇਕਾ ਪ੍ਰਵਾਨ ਕਰਕੇ ਪੰਚਾਇਤ ਨੂੰ 'ਸਾਸਰੀਕਾਲ' ਆਖਕੇ ਮੂੰਹ ਘੁੰਮਾਇਆ ਤਾਂ ਉਸਨੂੰ ਪੰਚਾਇਤੀਆਂ ਦਾ ਠਹਾਕਾ ਸੁਣਿਆ, ''ਬਠਲੂ ਈ ਰਿਹਾ ਕੰਜਰ ਦਾ ਸਾਰੀ ਉਮਰ''। ਸੁੰਦਰ ਜਦੋਂ ਤੁਰਨ ਲੱਗਿਆ ਤਾਂ ਉਸ ਦੀ ਘਰਵਾਲੀ ਨੇ ਉਸਦੀ ਮਦਦ ਲਈ ਨਾਲ ਜਾਣ ਲਈ ਕਿਹਾ ਤਾਂ ਉਸਨੇ ਹੌਂਸਲੇ ਨਾਲ ਜਵਾਬ ਦਿੱਤਾ ਕਿ ''ਉਹ ਤਾਂ ਕੱਲਾ ਹੀ ਬਥੇਰਾ – ਸਾਰੇ ਟੱਬਰ ਨੇ ਕੀ ਕਰਨੈ ਉੱਥੇ।'' ਕਿਉਂਕਿ ਉਸਨੂੰ ਲੱਗਦਾ ਸੀ ਕਿ ਇਸ ਦੋ ਦਿਨ ਦੇ ਕੰਮ ਨਾਲ ਉਸਦੇ ਪੱਚੀ ਰੁਪਏ ਖਰੇ ਹੋ ਜਾਣਗੇ। ਪਰ ਦੋ ਦਿਨ ਉਹ ਖਪਦਾ ਰਿਹਾ, ਕਦੀ ਮਿੱਟੀ ਪੁੱਟਣ ਲੱਗ ਪੈਂਦਾ, ਕਦੀ ਪੁਟੀ ਹੋਈ ਮਿੱਟੀ ਨੂੰ ਚੁੱਕ-

ਚੁੱਕ ਕੇ ਟੋਏ ਵਿੱਚ ਸੁੱਟਣ ਲੱਗ ਪੈਂਦਾ। ਰਾਹ ਜਾਂਦੇ ਸਰਬੂ ਨੇ ਉਸਦੇ ਭੋਲੇਪਨ ਨੂੰ ਦੇਖਕੇ ਕਿਹਾ, ''ਮੈਨੂੰ ਤਾਂ ਲਗਦੈ ਟੇਡਾ, ਫਸਾ ਲਿਆ ਸਰਪੰਚ ਨੇ, ਤੈਨੂੰ। ਦੋ ਤਿੰਨ ਸੌ ਕਮਾ ਲੂ, ਸਰਪੰਚ ਇਹਦੇ 'ਚੋਂ''। ਪਰ ਬਠਲੂ ਨੇ ਨਗਰ ਦੀ ਸੇਵਾ ਸਮਝਦੇ ਹੋਏ ਤੇ ਅਸੀਸਾਂ ਦਿੰਦੇ ਹੋਏ ਸਾਰੀ ਗੱਲ ਸਰਪੰਚ ਦੇ ਦੀਨ-ਅਮਾਨ ਤੇ ਸੁੱਟ ਦਿੱਤੀ।

ਮੱਝਾਂ ਲੈ ਕੇ ਜਾਂਦੇ ਪਾਲੇ ਨੇ ਵੀ ਬਠਲੂ ਨੂੰ ਦੱਸਿਆ ਕਿ ਗਧੀਆਂ ਵਾਲੇ ਇਸ ਕੰਮ ਦਾ ਸੌ ਰੁਪਇਆ ਮੰਗਦੇ ਸੀ ਅਤੇ ਉਹ ਇੰਨਾ ਔਖਾ ਕੰਮ ਲੈ ਕੇ ਫਸ ਗਿਆ। ਇਹ ਸੁਣ ਕੇ ਜਿਵੇਂ ਬਠਲੂ ਨੂੰ ਝਟਕਾ ਜਿਹਾ ਲੱਗਾ ਹੋਵੇ ਅਤੇ ਉਹ ਸੋਚਦਾ ਹੈ ਕਿ ਕਿਵੇਂ ਸਰਪੰਚ ਨੇ ਉਸ ਕੋਲ ਝੂਠ ਬੋਲਿਆ ਸੀ ਕਿ ਗਧੀਆਂ ਵਾਲੇ ਇਸ ਕੰਮ ਦੇ ਪੰਦਰਾਂ ਰੁਪਏ ਮੰਗਦੇ ਸੀ ਪਰ ਫੇਰ ਵੀ ਭੋਲਾ ਬਠਲੂ ਆਪਣੀ ਜ਼ੁਬਾਨ ਪੁਗਾਉਂਦਾ ਸੇਵਾ ਭਾਵ ਤੇ ਸਿਦਕ-ਦਿਲੀ ਨਾਲ ਕੰਮ ਕਰੀ ਗਿਆ। ਸਰਪੰਚ ਨੇ ਆਕੇ ਉਸਨੂੰ ਹੱਲਾ-ਸ਼ੇਰੀ ਦਿੱਤੀ ਅਤੇ ਖਾਣ ਨੂੰ ਗੁੜ ਦੇ ਗਿਆ। ਗੁੜ ਖਾਕੇ ਫੇਰ ਉਹ ਆਪਣੇ ਕੰਮ ਲੱਗ ਗਿਆ ਪਰ ਕੰਮ ਕਰਦਿਆਂ ਉਸਨੂੰ ਇਹ ਗਿੱਲਾ ਪੀਹਣ ਲੱਗਣ ਲੱਗ ਪਿਆ। ਅੱਧ-ਪੂਰਿਆ ਟੋਆ, ਹਰ ਬੱਠਲ ਸੁੱਟਣ ਤੋਂ ਬਾਅਦ, ਉਸਨੂੰ ਡੂੰਘਾ ਹੋਈ ਜਾਂਦਾ ਲੱਗਿਆ ਅਤੇ ਉਹ ਢਹਿ ਢੇਰੀ ਹੋ ਗਿਆ ਅਤੇ ਕੰਮ ਛੱਡ ਕੇ ਬੈਠ ਗਿਆ। ਉਸਨੂੰ ਆਪਣਾ ਦਮ ਘੁਟਦਾ ਮਹਿਸੂਸ ਹੋਇਆ। ਪਰ ਅਗਲੇ ਹੀ ਪਲ ਉਸਦੇ ਅਬੋਲ ਸ਼ਬਦਾਂ ਨੇ ਉਸਨੂੰ ਟੁੰਬਿਆ, ''ਬੰਦੇ ਦੀ ਜ਼ੁਬਾਨ ਵੀ ਹੁੰਦੀ ਐ ਕੁਛ, ਫੇਰ ਅਤਬਾਰ ਨੀ ਰਹਿੰਦਾ ਬੰਦੇ ਦਾ। ਸੁੰਦਰਾ ਅੱਜ ਤੈਨੂੰ ਕੀ ਹੋ ਗਿਆ''। ਉਹ ਝਈ ਲੈ ਕੇ ਉਠ ਖੜ੍ਹਾ ਹੋਇਆ ਅਤੇ ਪੂਰੇ ਜਿਗਰੇ ਨਾਲ ਬੱਠਲ ਥਾਪੜ ਕੇ ਭਰਿਆ ਪਰ ਟੋਏ ਤੱਕ ਪਹੁੰਚਦਿਆਂ ਖੱਬੀ ਵੱਖੀ ਵਿੱਚ ਜ਼ੋਰ ਦੀ ਚੀਸ ਉੱਠੀ ਅਤੇ ਬੱਠਲ ਹੱਥੋਂ ਨਿਕਲ ਗਿਆ। ਉਸਦੀ ਕਸਕ ਵਧਦੀ ਗਈ ਅਤੇ ਉਹ ਕੱਠਾ ਹੁੰਦਾ ਗਿਆ। ਉਸ ਦੀਆਂ ਚੀਕਾਂ ਸੁਣਕੇ ਲੋਕ ਇਕੱਠੇ ਹੋ ਗਏ। ਉਸਨੂੰ ਤਰੇਲੀਆਂ ਆਉਣ ਲੱਗੀਆਂ।

ਹਰ ਕੋਈ ਮੂੰਹ ਆਈ ਆਖ ਰਿਹਾ ਸੀ। ਕੋਈ ਛੱਪਰ ਵਿੱਚ ਓਪਰੀ ਸ਼ੈਅ ਦੀ ਗੱਲ ਕਰ ਰਿਹਾ ਸੀ, ਕੋਈ ਉਸਨੂੰ ਪੱਚੀ ਰੁਪਏ 'ਚ ਫਸਾਉਣ ਦੀ। ਕੋਈ ਉਸਨੂੰ ਦੁਆ ਦੇ ਰਿਹਾ ਸੀ ਕਿ ਜੁਆਕਾਂ ਦੇ ਕਰਮਾਂ ਨੂੰ ਇਹਨੂੰ ਕੁਝ ਨਾ ਹੋਵੇ, ਕਿਉਂਕਿ ਉਹ ਤਾਂ ਗਊ ਸਮਾਨ ਹੈ।

ਪਿੰਡ ਦੇ ਡਾਕਟਰ ਨੇ ਪਸਲੀਆਂ ਤੇ ਮੌਰਾਂ ਹੇਠਲਾ ਨੀਲ ਦੇਖ ਕੇ ਦਿਲ ਦੀ ਨਾੜੀ ਫਟਣ ਬਾਰੇ ਦੱਸਿਆ ਅਤੇ ਟੀਕਾ ਲਾ ਕੇ ਚਲਾ ਗਿਆ। ਬਠਲੂ ਲੋਕਾਂ ਦੀ ਭੀੜ ਵਿੱਚ ਚੀਕਾਂ ਮਾਰਦਾ ਤੇ ਗੁੱਛਾ-ਮੁੱਛਾ ਹੋਇਆ ਪਿਆ ਸੀ ਅਤੇ ਕਿਸੇ ਸ਼ੈ ਵੱਲੋਂ ਧੱਕਾ ਮਾਰਨ ਦੀ ਚਰਚਾ ਜ਼ੋਰਾਂ 'ਤੇ ਸੀ।

ਬੱਠਲ ਦੇ ਭਾਰ ਹੇਠਾਂ ਦਬਿਆ ਬਠਲੂ ਮਹਿਜ਼ ਇੱਕ ਵਿਅਕਤੀ ਨਾ ਰਹਿ ਕੇ ਸਦੀਆਂ ਤੋਂ 'ਭਾਰ' ਹੇਠਾਂ ਦੱਬੇ ਨਿਮਨ ਵਰਗ ਦਾ ਪ੍ਰਤੀਕ ਹੋ ਨਿਬੜਦਾ ਹੈ।

### 1.5.3.1.3 ਆਲੋਚਨਾਤਮਕ ਪਰਖ

'ਬਠਲੂ ਚਮਿਆਰ' ਇੱਕ ਸਫ਼ਲ ਕਹਾਣੀ ਹੈ ਜਿਸ ਵਿੱਚ ਸਥਾਪਿਤ ਤਾਕਤਾਂ ਤੇ ਨਿਮਨ ਵਰਗ ਦੋਵੇ ਧਿਰਾਂ ਆਪੋ-ਆਪਣੀ ਜਮਾਤ ਦੇ ਕਿਰਦਾਰ ਦੀ ਪ੍ਰਤੀਨਿਧਤਾ ਕਰਦੀਆਂ ਹਨ। ਕਹਾਣੀ ਦਾ ਸਿਰਲੇਖ ਢੁੱਕਵਾਂ ਹੈ। ਆਪਣੇ ਸਰੀਰਕ ਬਲ ਦੇ ਪ੍ਰਦਰਸ਼ਨ ਦੁਆਰਾ 'ਸੁੰਦਰ' ਬਠਲੂ ਬਣ ਜਾਂਦਾ ਹੈ ਪਰ ਬੰਦਾ ਬਣਨਾ ਸ਼ਾਇਦ ਉਸਦੀ ਕਿਸਮਤ ਵਿੱਚ ਨਹੀਂ ਲਿਖਿਆ ਹੋਇਆ। ਉਸਦੇ 'ਸੁੰਦਰ' ਨਾਮਕਰਣ ਦਾ 'ਬਠਲੂ ਚਮਿਆਰ' ਵਿੱਚ ਤਬਦੀਲ ਹੋ ਜਾਣਾ, ਉਸਦੀ ਇਨਸਾਨੀ ਹੋਂਦ ਦੇ ਖੁਰਦੇ ਜਾਣ ਵੱਲ ਸੰਕੇਤ ਹੈ।

ਅਤਰਜੀਤ ਦੇ ਪਾਤਰ ਬਠਲੂ ਵਿੱਚ ਸਦਾਚਾਰਕ ਸੰਸਕਾਰ ਉਸਦੇ ਪਿੰਡੇ ਨੂੰ ਜ਼ੋਰ ਵਾਂਗ ਚਿੰਬੜੇ ਹੋਏ ਹਨ। ਬਠਲੂ ਨਿਮਨ ਵਰਗ ਦੀ ਸੁਹਿਰਦਤਾ, ਸਾਦਗੀ, ਸਬਰ ਅਤੇ ਸਿਰੜ ਦਾ ਪ੍ਰਤੀਕ ਵੀ ਹੈ। ਬਠਲੂ ਅੰਦਰ ਸਦੀਆਂ ਤੋਂ ਬੈਠਾ 'ਸਤਿ ਬਚਨੀ' ਹੀਣ-ਭਾਵ ਅਤੇ ਅਗਿਆਨਤਾ 'ਸਰਪੰਚ ਧਿਰ' ਦੀ ਫੋਕੀ ਹਮਦਰਦੀ ਅਤੇ ਪ੍ਰਸ਼ੰਸਾ-ਭਾਵ ਦੇ ਦੰਭ ਨੂੰ ਸਮਝਣ ਤੋਂ ਅਸਮਰੱਥ ਹੈ। ਸਰਪੰਚ ਵੱਲੋਂ ਦਿੱਤਾ ਜਾਣ ਵਾਲਾ ਗੁੜ ਮਹਿਜ ਗੁੜ ਨਾ ਰਹਿ ਕੇ ਉਸਦੀ ਫੋਕੀ ਪ੍ਰਸ਼ੰਸਾ ਦਾ ਮਿੱਠਾ ਸਵਾਦ ਬਣ ਜਾਂਦਾ ਹੈ ਜਿਸ ਦੀ ਚਾਟੇ ਲੱਗਾ ਬਠਲੂ ਉਨ੍ਹਾਂ ਦੀ ਸੇਵਾ ਵਿੱਚ ਜੁਟੇ ਰਹਿਣ ਲਈ ਹੋਰ ਵੀ ਦ੍ਰਿੜ ਹੋ ਜਾਂਦਾ

ਹੈ। ਉਨ੍ਹਾਂ ਦੀ ਸਾਬਾਸ਼ ਵਿਚਲੇ ਵਿਅੰਗ ਅਤੇ ਦੰਭ ਤੋਂ ਅਣਜਾਣ ਬਠਲੂ ਪੂਰੇ ਸਮਰਪਣ ਭਾਵ ਨਾਲ ਉਨ੍ਹਾਂ ਦੀ ਸੇਵਾ ਵਿੱਚ ਲੱਗਾ ਹੋਇਆ ਹੈ ਅਤੇ ਬਠਲੂ ਦਾ ਬਠਲੂ ਹੀ ਰਹਿੰਦਾ ਹੈ। ਬੇਸ਼ਕ ਬਠਲੂ ਨੂੰ ਹਕੀਕਤ ਦਾ ਧੁੰਦਲਾ ਜਿਹਾ ਅਹਿਸਾਸ ਤਾਂ ਹੋ ਜਾਂਦਾ ਹੈ ਕਿ ਉਸ ਕੋਲੋਂ ਨਿਸ਼ਚਿਤ ਸਮੇਂ ਵਿੱਚ ਟੋਆ ਭਰਿਆ ਨਹੀਂ ਜਾ ਸਕਿਆ ਪਰ ਉਹ ਪਿੰਡ ਤੇ ਪੰਚਾਇਤ ਨੂੰ ਦਿੱਤੇ ਵਚਨ ਦੀ ਲਾਜ ਪਾਲਣਾ ਚਾਹੁੰਦਾ ਹੈ। ਸੋ ਇਹ ਸੇਵਾ ਭਾਵ ਪਿੱਛੇ ਮਰ ਜਾਣ ਵਾਲਾ ਪਾਤਰ ਹੈ। ਇਹ ਕਹਾਣੀ ਪਾਠਕ ਅੱਗੇ ਇੱਕ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ – ''ਘਾਤਕ ਇਖਲਾਕੀ ਕਦਰਾਂ ਦੇ ਉਹਲੇ ਵਿੱਚ ਪਲਦੀ ਜ਼ਿੱਲਤ ਨਸ਼ਤਰ ਨੂੰ ਪਹਿਚਾਨਣ ਦੀ ਜਾਚ ਬਠਲੂ ਚਮਿਆਰ ਕਿਸ ਤੋਂ ਸਿੱਖੇਗਾ? ਛੱਪੜ ਵਿੱਚ ਓਪਰੀ ਸ਼ੈਅ ਦੇ ਹੋਣ ਦੀ ਲੋਕ-ਚਰਚਾ ਵੀ ਕਹਾਣੀ ਵਿੱਚੋਂ ਸੁਣਾਈ ਦਿੰਦੀ ਹੈ ਜਿਸਦੇ ਧੱਫੇ ਦੀ ਅਦਿੱਖ ਮਾਰ ਦਾ ਨਿਸ਼ਾਨ ਬਠਲੂ ਦੇ ਪਿੰਡੇ ਦੇ ਨੀਲ ਦੇ ਰੂਪ ਵਿੱਚ ਵੀ ਉਘੜਦਾ ਹੈ। ਇਹ 'ਓਪਰੀ ਸ਼ੈਅ' ਸਥਾਪਿਤ ਤਾਕਤਾਂ ਦਾ ਧੱਕਾ ਕਰਨ ਵਾਲਾ ਅਦਿੱਖ ਹੱਥ ਅਤੇ ਹਥਿਆਰ ਹੈ ਜਿਸਦੀ ਮਾਰ ਨਿੱਤ ਦਿਹਾੜੇ ਬਠਲੂਆਂ ਨੂੰ ਪੈਂਦੀ ਰਹਿੰਦੀ ਹੈ ਪਰ ਉਹ ਉਸ ਹੱਥ ਨੂੰ ਦੇਖਣ, ਪਛਾਨਣ ਤੋਂ ਅਸਮਰੱਥ ਹਨ।

ਭਾਸ਼ਾ ਪੇਂਡੂ ਠੇਠ ਪੰਜਾਬੀ ਹੈ ਅਤੇ ਪਾਤਰਾਂ ਦੇ ਅਨੁਕੂਲ ਢੁੱਕਵੀਂ ਹੈ। ਸਰਦਾਰ ਸਰਪੰਚ ਵੱਲੋਂ ਬਠਲੂ ਦੀ ਹੱਲਾ-ਸ਼ੇਰੀ ਲਈ ਬੋਲੇ ਸ਼ਬਦ, ''ਵਾਹ ਓਇ ਬਹਾਦਰਾ ਤੇਰੇ ਕਰ 'ਤੀਆਂ ਕਮਾਲਾਂ''। ਬਠਲੂ ਆਪਣੇ-ਆਪ ਨੂੰ ਇਸ ਤਰ੍ਹਾਂ ਹੌਂਸਲਾ ਦਿੰਦਾ ਹੈ, ''ਬਾਖਰੂ ! ਸਚਿਆ ਪਾਅਸ਼ਾ ਕਰਦੇ ਫਤੇ ਮੋਰਚਾ''।

ਅਤਰਜੀਤ ਦੀ ਕਹਾਣੀ ਵਿੱਚ ਸ਼ਹਿਰੀ ਜ਼ਿੰਦਗੀ ਦੀ ਪਾਰ ਬਿਲਕੁਲ ਵੀ ਨਜ਼ਰ ਨਹੀਂ ਆਉਂਦੀ।

### 1.5.3.2 ਜਿੱਥੋਂ ਸੂਰਜ ਉਗਦਾ ਹੈ

#### 1.5.3.2.1 ਕਹਾਣੀਕਾਰ ਨਾਲ ਜਾਣ-ਪਛਾਣ

'ਜਿਥੋਂ ਸੂਰਜ ਉਗਦਾ ਹੈ' ਕਹਾਣੀ ਕਿਰਪਾਲ ਕਜ਼ਾਕ ਦੁਆਰਾ ਲਿਖੀ ਗਈ ਹੈ। ਕਜ਼ਾਕ ਦਾ ਜਨਮ ਸ੍ਰ. ਸਾਧੂ ਸਿੰਘ ਦੇ ਘਰ ਪਿੰਡ ਬੰਧੋਕੇ, ਜ਼ਿਲ੍ਹਾ ਸ਼ੇਖੂਪੁਰਾ ਵਿੱਚ ਹੋਇਆ। ਉਹ ਆਪਣੀ ਸਾਹਿਤਕ ਅਤੇ ਖੋਜੀ ਯੋਗਤਾ ਸਦਕਾ ਪੰਜਾਬੀ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਦੇ ਅਹੁਦੇ ਤੱਕ ਪਹੁੰਚਿਆ। ਉਸ ਕੋਲ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਦਾ ਅਮੀਰ ਅਨੁਭਵ ਹੈ। ਕਬੀਲਾ ਸਮਾਜ ਬਾਰੇ ਉਸ ਦੀ ਖੋਜ, ਪੇਂਡੂ ਜੀਵਨ ਦਾ ਨਿਕਟ ਅਨੁਭਵ ਅਤੇ ਸ਼ਹਿਰੀ ਜੀਵਨ ਨਾਲ ਲੰਮੀ ਸਾਂਝ ਨੇ ਉਸ ਨੂੰ ਕਹਾਣੀ ਸਿਰਜਣ ਲਈ ਅਨੇਕਾਂ ਵਿਸ਼ੇ ਦਿੱਤੇ। ਉਸਨੇ ਦਲਿਤ ਜੀਵਨ ਦੀਆਂ ਪ੍ਰਮਾਣਿਕ ਝਾਕੀਆਂ ਵੀ ਆਪਣੀ ਕਹਾਣੀ ਵਿੱਚ ਪੇਸ਼ ਕੀਤੀਆਂ।

ਉਸਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ – ਕਾਲਾ ਇਲਮ, ਸੂਰਜਮੁਖੀ ਪੁੱਛਦੇ ਨੇ, ਅੱਧਾ ਪੁਲ ਤੇ ਹੁਮੰਸ।

#### 1.5.3.2.2 ਕਹਾਣੀ ਦਾ ਸਾਰ/ਵਿਸ਼ਾ-ਵਸਤੂ

ਟੁੰਡਾ ਫ਼ੌਜੀ ਆਪਣੀ ਜ਼ਮੀਨ ਤੇ ਗੇੜਾ ਮਾਰ ਕੇ ਪਟੜੀ-ਪਟੜੀ ਤੁਰਿਆ ਆ ਰਿਹਾ ਸੀ ਕਿ ਉਸਦਾ ਧਿਆਨ ਨਹਿਰ ਵਿੱਚ ਕੱਢੇ ਮੋਘੇ ਤੇ ਪਿਆ ਜਿਸਦਾ ਪਾਣੀ ਚੱਠਿਆਂ ਦੇ ਖੇਤ ਵਿੱਚ ਪੈ ਰਿਹਾ ਸੀ। ਉਹ ਦੇਖ ਕੇ ਆਪੇ ਤੋਂ ਬਾਹਰ ਹੋ ਗਿਆ ਕਿਉਂਕਿ ਅਜੇ ਪਿਛਲੀ ਸੰਗਰਾਂਦ ਵਾਲੇ ਦਿਨ ਹੀ ਸਾਰੇ ਪਿੰਡ ਵਾਲਿਆਂ ਨੇ ਗੁਰਦੁਆਰੇ ਬੈਠ ਕੇ ਇਹ ਫ਼ੈਸਲਾ ਕੀਤਾ ਸੀ ਕਿ ਕੋਈ ਵੀ ਨਹਿਰ ਵਿੱਚੋਂ ਚੋਰੀ ਪਾਈਪ ਨਹੀਂ ਲਾਵੇਗਾ। ਪਰ ਗੁਰਦੁਆਰੇ ਵੜਨ ਤੋਂ ਮਗਰੋਂ ਚੱਠੇ ਹੀ ਪਾੜ ਲਾ ਲੈਣਗੇ, ਇਸ ਬਾਰੇ ਕੋਈ ਸੋਚ ਵੀ ਨਹੀਂ ਸੀ ਸਕਦਾ।

ਪਾੜ ਢੀਂਗਰ ਤੇ ਘਾਹ ਨਾਲ ਲੁਕੋਇਆ ਹੋਇਆ ਸੀ। ਢੱਠਿਆਂ ਕੋਲ ਜ਼ਮੀਨ ਖੁੱਲ੍ਹੀ ਸੀ ਅਤੇ ਉਸਦੇ ਤਿੰਨ ਬੇਟੇ ਵੱਡੇ ਅਫ਼ਸਰ ਸਨ ਤੇ ਉਨ੍ਹਾਂ ਕੋਲ ਅੰਨ੍ਹੀ ਦੌਲਤ ਵੀ ਸੀ। ਲੋਕ ਵੀ ਉਨ੍ਹਾਂ ਕੋਲੋਂ ਨਿਉਂ ਕੇ ਲੰਘਦੇ ਸੀ। ਇਸੇ ਕਰਕੇ ਉਹ ਹਰ ਕੰਮ ਪੈਸੇ ਦੇ ਜ਼ੋਰ ਨਾਲ ਪਿੰਡ ਤੋਂ ਉਲਟ ਕਰਦੇ ਸੀ।

ਨਹਿਰ ਦਾ ਪਾੜ ਹੀ ਕੇਂਦਰੀ ਸੂਤਰ ਵਜੋਂ ਕਹਾਣੀ ਦੇ ਆਦਿ ਤੋਂ ਅੰਤ ਤੱਕ ਫੈਲਿਆ ਹੋਇਆ ਹੈ। ਇਹ ਪਾੜ ਫ਼ੌਜੀ ਦੀ ਰੋਹ ਭਰੀ ਨਜ਼ਰ ਵਿੱਚੋਂ ਗਤੀ ਫੜ੍ਹਦਾ ਇਸ ਤੋਂ ਪ੍ਰਭਾਵਿਤ ਹੋਣ ਵਾਲੀ ਕਿਰਸਾਨੀ

ਦੇ ਮਨਾਂ ਤੱਕ ਫੈਲਦਾ ਹੋਇਆ ਚੱਠਿਆਂ ਦੇ ਅਨਿਆਇ ਦੇ ਖ਼ਿਲਾਫ਼ ਸਾਂਝੀ ਮੁਹਿੰਮ ਵਿੱਢਣ ਦਾ ਯਤਨ ਸ਼ੁਰੂ ਕਰਨ ਦਾ ਪ੍ਰੇਰਕ ਬਣਦਾ ਹੈ।

ਸਾਰੇ ਲੋਕ ਤੜਪ ਰਹੇ ਸੀ ਕਿ ਪਤਾ ਨਹੀਂ ਚੱਠਿਆਂ ਦੀ ਜ਼ਮੀਨ ਵਿੱਚ ਕਿੰਨੇ ਦਿਨਾਂ ਤੋਂ ਪਾੜ ਨਾਲ ਨਹਿਰ ਦਾ ਪਾਣੀ ਪੈ ਰਿਹਾ ਸੀ ਕਿਉਂਕਿ ਪਾਣੀ ਦੀ ਤਿੱਪ ਲਈ ਤਾਂ ਲੜਾਈਆਂ ਝਗੜੇ ਹੋ ਜਾਂਦੇ ਹਨ।

ਸਭ ਨੂੰ ਪਤਾ ਸੀ ਕਿ ਚੱਠਿਆਂ ਤੇ ਕੋਈ ਅਸਰ ਨਹੀਂ ਹੋਣਾ ਪਰ ਫੇਰ ਵੀ ਸਾਰੇ ਪਿੰਡ ਵਿੱਚ ਉਡ ਗਿਆ ਸੀ ਕਿ ਫ਼ੌਜੀ ਇਸ ਗੱਲ ਤੇ ਠਾਣਾ ਲੈਣ ਗਿਆ ਹੈ। ਸਭ ਨੂੰ ਇਕੱਠਾ ਹੋਇਆ ਦੇਖ ਭੀਮ ਬਲੈਕੀਆ, ਚੰਦ ਦਸ ਨੰਬਰੀਆ, ਹੁਕਮਾ ਦਲਾਲ ਅਤੇ ਬਲਕਾਰੀ ਵੀ ਉੱਥੇ ਪਹੁੰਚ ਗਏ ਅਤੇ ਚੱਠਿਆਂ ਵੱਲ ਡੱਕਾ ਸੁੱਟਣ ਲੱਗੇ। ਚੱਠਿਆਂ ਦੀ ਤਾਕਤ ਦਾ ਅਦਿੱਖ ਭੈਅ ਉਨ੍ਹਾਂ ਵਿੱਚੋਂ ਨਜ਼ਰ ਆਉਂਦਾ ਹੈ।

ਛੋਟੀ ਕਿਸਾਨੀ ਚੱਠਿਆਂ ਨਾਲ ਵਿਰੋਧ ਸਹੇੜਨ ਤੋਂ ਡਰਦੀ ਆਪਣੇ ਰੋਹ ਦੀ ਦਿਸ਼ਾ ਬਦਲ ਕੇ ਉਸਦਾ ਰੁਖ਼ ਪਿੰਡ ਦੇ ਬੇਜ਼ਮੀਨੇ ਮਜ਼ਦੂਰਾਂ ਵੱਲ ਸੇਧ ਲੈਂਦੀ ਹੈ। ਜਿਸ ਕਾਗਜ਼ ਤੇ ਚੱਠਿਆਂ ਦੇ ਖ਼ਿਲਾਫ਼ ਅਰਜ਼ੀ ਲਿਖੀ ਜਾਣੀ ਸੀ, ਉਸੇ ਕਾਗਜ਼ ਨੂੰ ਪਿੰਡ ਦੇ ਟਾਂਗਾ ਅਤੇ ਰਿਕਸ਼ਾ ਚਲਾਉਣ ਵਾਲੇ ਮਜ਼ਦੂਰਾਂ ਦਾ ਧੰਦਾ ਬੰਦ ਕਰਨ ਨਹੀ ਟ੍ਰੈਕਟਰਾਂ ਵਾਲਿਆਂ ਦੇ ਨਾਂ ਲਿਖਣ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਤਕੜਿਆਂ ਵੱਲੋਂ ਲਾਇਆ ਜਾਣ ਵਾਲਾ ਪਾੜ ਬੰਦ ਕਰਨ ਲਈ ਲੜੀ ਜਾਣ ਵਾਲੀ ਲੜਾਈ, ਮਾੜੇ ਸਮਝੇ ਜਾਣ ਵਾਲੇ ਲੋਕਾਂ ਦਾ ਧੰਦਾ ਬੰਦ ਕਰਨ ਵਾਲੀ ਲੜਾਈ ਵਿੱਚ ਤਬਦੀਲ ਹੁੰਦੀ ਜਾਪਦੀ ਹੈ। ਇਸ ਪ੍ਰਕਾਰ ਲੜਾਈ ਦੀ ਦਿਸ਼ਾ ਬਦਲ ਜਾਣ ਦਾ ਦੁੱਖ ਇਕੱਲੇ ਫ਼ੌਜੀ ਨੂੰ ਹੀ ਨਹੀਂ, ਸਗੋਂ ਮਾਸਟਰ ਦਲੀਪ ਸਿੰਘ ਅਤੇ ਸੰਧੂਆਂ ਦੇ ਬਜ਼ੁਰਗ ਨੂੰ ਵੀ ਹੈ।

ਫ਼ੌਜੀ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਕੋਈ ਦਹਿਸ਼ਤ ਸੀ ਜੋ ਇਕੱਠ ਵਿੱਚ ਢਹਿ ਲਾਈ ਬੈਠੀ ਸੀ ਅਤੇ ਲੋਕ ਫੂਕ-ਫੂਕ ਕੇ ਸਾਹ ਲੈ ਰਹੇ ਸਨ।

ਜਦੋਂ ਪਿੰਡ ਵਾਲਿਆਂ ਨੇ ਟਾਂਗੇ-ਰੇਹੜੀਆਂ ਬੰਦ ਕਰਾਕੇ ਸਵਾਰੀਆਂ ਲਈ ਟਰਾਲੀ ਚਲਾਉਣ ਦੀ ਗੱਲ ਕੀਤੀ ਅਤੇ ਵਾਰੀ ਲਿਖਣ ਲੱਗੇ ਤਾਂ ਫ਼ੌਜੀ ਨੇ ਝਪਟਾ ਮਾਰਕੇ ਕਾਗਜ਼ ਖੋਹ ਲਿਆ ਅਤੇ ਉਸ ਦੀਆਂ ਅੱਖਾਂ ਵਿੱਚੋਂ ਜਿਵੇਂ ਖ਼ੂਨ ਉਤਰ ਆਇਆ ਹੋਵੇ। ਲੋਕ ਹੌਲੀ-ਹੌਲੀ ਖਿੰਡਣ ਲੱਗੇ ਅਤੇ ਫ਼ੌਜੀ ਨੂੰ ਮਹਿਸੂਸ ਹੋਇਆ ਜਿਵੇਂ ਬਲਕਾਰੀ ਦੀ ਖਚਰੀ ਅੱਖ ਉਸਨੂੰ ਕਹਿ ਰਹੀ ਹੋਵੇ ''ਤੂੰ ਤਾਂ ਕਮਲੈ ਫ਼ੌਜੀਆ, ਇਨ੍ਹਾਂ ਖੱਸੀ ਲੋਕਾਂ ਤੋਂ ਕੀ ਭਾਲਦੈਂ''। ਪਰ ਇਸਦੇ ਉਲਟ, ਜਦੋਂ ਲਟ-ਲਟ ਬਲਦੀ ਅੱਖ ਨਾਲ ਫ਼ੌਜੀ ਬਲਕਾਰੀ ਦੀਆਂ ਅੱਖਾਂ ਵਿੱਚ ਆਰ-ਪਾਰ ਝਾਕਿਆ ਤਾਂ ਉਸਨੂੰ ਲੱਗਿਆ ਜਿਵੇਂ ਫ਼ੌਜੀ ਆਖ ਰਿਹਾ ਹੋਵੇ –

> ''ਬਲਕਾਰਿਆ ਤੂੰ ਵੇਖੀਂ ਇੱਕ ਦਿਨ, ਮੈਂ ਇਸੇ ਪਿੰਡ ਵਿੱਚੋਂ ਉਹ ਲੋਕ
> ਲੱਭਾਂਗਾ, ਜਿਹੜੇ ਮੇਰੇ ਹਾਣ ਦੀ ਲੱਜ ਪਾਲਣਗੇ।''

ਕਹਾਣੀ ਦੇ ਅਖ਼ੀਰ ਵਿੱਚ ਪਿੰਡ ਦੀਆਂ ਪੱਕੀਆਂ ਗਲੀਆਂ ਵਿੱਚ ਫ਼ੌਜੀ ਦੀ ਇਕੱਲੀ ਵਿਸਾਖੀ ਡਮਰੂ ਵਾਂਗ ਖੜਕਦੀ ਦੂਰ ਤੱਕ ਸੁਣਦੀ ਰਹੀ। ਜ਼ਾਹਿਰ ਹੈ ਕਿ ਅੱਗ ਮੱਚੀ ਭਾਵੇਂ ਨਹੀਂ ਪਰ ਬੁੱਝੀ ਵੀ ਨਹੀਂ। ਇਸ ਧੂੰਏਂ ਨੂੰ ਮੁੜ ਕੇ ਧੁਖਾ ਕੇ ਬਾਲ ਲੈਣ ਦਾ ਫ਼ੌਜੀ ਦਾ ਕੋਈ ਖੋਖਲਾ ਦਾਅਵਾ ਨਹੀਂ। ਸਥਿਤੀ ਵਿੱਚ ਇਸ ਸੰਭਾਵਨਾ ਦੇ ਬੀਜ ਪਏ ਹੋਏ ਹਨ। ਬੇਸ਼ਕ ਸਾਰਿਆਂ ਦਾ ਕਹਿਣਾ ਸੀ ਕਿ ਪੈਸੇ ਦੇ ਜ਼ੋਰ ਤੇ ਕੋਈ ਕੁਝ ਵੀ ਕਰ ਸਕਦਾ ਹੈ ਪਰ ਫ਼ੌਜੀ ਦੀ ਸੋਚ ਸੀ ਕਿ ਉਨ੍ਹਾਂ ਦਾ ਫ਼ਰਜ਼ ਹੈ ਕਿ ਉਹ ਹੁੰਦੀ ਚੋਰੀ ਦੀ ਖ਼ਬਰ ਕਰਨ।

### 1.5.3.2.3 ਆਲੋਚਨਾਤਮਕ ਪਰਖ

'ਜਿਥੋਂ ਸੂਰਜ ਉਗਦਾ ਹੈ' ਕਹਾਣੀ ਰਵਾਇਤੀ ਕਿਸਮ ਦੀ ਪ੍ਰਗਤੀਵਾਦੀ ਕਹਾਣੀ ਨਾਲੋਂ ਇਸ ਕਰਕੇ ਭਿੰਨ ਹੈ ਕਿਉਂਕਿ ਇਸ ਵਿੱਚ ਰਵਾਇਤੀ ਕਹਾਣੀਆਂ ਵਾਂਗ ਨਾ ਤਾਂ ਨਿਮਨ ਵਰਗ ਦੀ ਜਿੱਤ ਦਾ ਕੋਈ ਪ੍ਰਤੀਮਾਨ ਸਿਰਜਿਆ ਗਿਆ ਹੈ ਅਤੇ ਨਾ ਹੀ ਧਨੀ-ਧਿਰ 'ਕਾਇਆ-ਕਲਪ' ਦੀ ਰੂੜੀ ਅਧੀਨ ਸੁਧਰਦੀ

ਦਿਖਾਈ ਗਈ ਹੈ। ਕਹਾਣੀ ਦੀ ਕਲਾਕਾਰੀ ਵਸਤੂ-ਸਥਿਤੀ ਤੋਂ ਟੁੱਟਿਆ ਕੋਈ ਖੋਖਲਾ ਨਾਅਰਾ ਸਿਰਜਣ ਵਿੱਚ ਨਹੀਂ, ਸਗੋਂ ਸਥਿਤੀ ਵਿੱਚ ਪਏ ਵਿਭਿੰਨ ਧਿਰਾਂ ਦੇ ਆਪਸੀ ਤਿੱਖੇ ਵਿਰੋਧ ਦਾ ਪ੍ਰਮਾਣਿਕ ਵਿਵੇਕ ਸਿਰਜਣ ਵਿੱਚ ਨਿਹਿਤ ਹੈ। ਲੇਖਕ ਇੰਨੀ ਸਹਿਜਤਾ ਨਾਲ ਪਿੰਡ ਪੱਧਰ ਤੇ ਵਿਚਰ ਰਹੀਆਂ ਤਿੰਨ ਧਿਰਾਂ : ਧਨੀ ਕਿਰਸਾਨੀ, ਛੋਟੀ ਕਿਰਸਾਨੀ ਤੇ ਬੇਜ਼ਮੀਨੇ ਮਜ਼ਦੂਰਾਂ ਦੇ ਆਪਸੀ ਤਣਾਓਸ਼ੀਲ ਰਿਸ਼ਤੇ ਨੂੰ ਪੇਸ਼ ਕਰਦਾ ਹੈ ਕਿ ਸਥਿਤੀ ਦਾ ਸਜੀਵ ਬਿੰਬ ਪਾਠਕ ਦੇ ਮਨ ਤੇ ਅਮਿੱਟ ਛਾਪ ਛੱਡ ਜਾਂਦਾ ਹੈ। ਬੇਸ਼ਕ ਅਖ਼ੀਰ ਵਿੱਚ ਪਿੰਡ ਦੀਆਂ ਗਲੀਆਂ ਵਿੱਚ ਖੜਕਦੀ ਉਸਦੀ ਇਕੱਲੀ ਵਿਸਾਖੀ ਦੱਸਦੀ ਹੈ ਕਿ ਇਸ ਲੜਾਈ ਵਿੱਚ ਹਾਲ ਦੀ ਘੜੀ ਫ਼ੌਜੀ ਇਕੱਲਾ ਰਹਿ ਗਿਆ ਹੈ ਪਰ ਫ਼ੌਜੀ ਦਾ ਕੰਮ ਹਾਰ ਮੰਨਣਾ ਨਹੀਂ, ਅੰਤਿਮ ਸਵਾਸਾਂ ਤੱਕ ਲੜਾਈ ਲੜਨਾ ਹੈ।

ਕਜ਼ਾਕ ਕੋਲ ਠੇਠ ਲਹਿਜ਼ੇ ਵਾਲੀ ਪੰਜਾਬੀ ਸ਼ਬਦਾਵਲੀ ਦਾ ਭੰਡਾਰ ਹੈ। ਉਹ ਨਿੱਕੇ-ਨਿੱਕੇ ਤੇ ਤਿੱਖੇ ਵਾਕਾਂ ਵਾਲੇ ਅਰਥ-ਭਰਪੂਰ ਵਾਰਤਾਲਾਪ ਸਿਰਜਣ ਦਾ ਉਸਤਾਦ ਹੈ। ਮਲਵਈ ਉਪ-ਭਾਸ਼ਾ ਦੀ ਪੁੱਠ ਇਨ੍ਹਾਂ ਵਾਰਤਾਲਾਪਾਂ ਵਿੱਚ ਹੋਰ ਵੀ ਗੂੜ੍ਹੇ ਰੰਗ ਭਰਦੀ ਹੈ। ਉਹ ਪਾਤਰਾਂ ਦੇ ਵਾਰਤਾਲਾਪ ਸਮੇਂ ਮੁਹਾਵਰੇਦਾਰ ਬੋਲੀ ਦੀ ਵਰਤੋਂ ਵੀ ਕਰਦਾ ਹੈ ਜਿਵੇਂ - ਤਕੜੇ ਤੇ ਪੈ ਨਾ ਹੰਗਾ ਮਾੜੇ ਤੇ ਘੜੰਮ'', ''ਤਕੜਿਆਂ ਦਾ ਸਤੀਂ ਵੀਹੀਂ ਸੌ'' ਆਦਿ।

ਕਜ਼ਾਕ 'ਨਾਟਕੀ ਦ੍ਰਿਸ਼ ਸਿਰਜਣ' ਦੀ ਕਲਾ ਦਾ ਵੀ ਮਾਹਿਰ ਹੈ। ਪਾਤਰ ਸਥਿਤੀ ਵਿੱਚ ਪਏ ਇਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ। ਆਪਸ ਵਿੱਚ ਲੜਦੇ-ਭਿੜਦੇ ਤੇ ਇੱਕ ਦੂਜੇ ਨੂੰ ਵੰਗਾਰਦੇ ਹਨ, ਜੁੜਦੇ ਹਨ ਅਤੇ ਬਿਖਰਦੇ ਵੀ ਹਨ। ਲੇਖਕ ਕਿਧਰੇ ਵੀ ਆਪਣੀ ਉਚੇਚੀ ਦਖ਼ਲ-ਅੰਦਾਜ਼ੀ ਨਾਲ ਉਨ੍ਹਾਂ ਦੇ ਵਿਚਾਰ ਅਤੇ ਵਿਹਾਰ ਨੂੰ ਦੂਸ਼ਤ ਕਰਨ ਦੀ ਕੁਚੇਸ਼ਟਾ ਨਹੀਂ ਕਰਦਾ। ਇਸੇ ਵਿੱਚ ਉਸ ਦੀ ਸਹਿਜ-ਸ਼ੈਲੀ ਦਾ ਸੁਹਜ ਲੁਕਿਆ ਹੋਇਆ ਹੈ। ਇਨ੍ਹਾਂ ਗੁਣਾਂ ਕਰਕੇ ਹੀ ਕਜ਼ਾਕ ਪੰਜਾਬੀ ਦਾ ਨਾਮਵਰ ਕਥਾਕਾਰ ਹੈ।

### 1.5.3.3 ਡੰਮ੍ਹ

#### 1.5.3.3.1 ਕਹਾਣੀਕਾਰ ਨਾਲ ਜਾਣ-ਪਛਾਣ

ਡੰਮ੍ਹ ਕਹਾਣੀ, ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਲਿਖੀ ਹੋਈ ਹੈ। ਉਸਦਾ ਜਨਮ ਉਸਦੇ ਨਾਨਕੇ ਪਿੰਡ ਚਵਿੰਡਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ੍ਰ. ਦੀਦਾਰ ਸਿੰਘ ਦੇ ਘਰ ਸੰਨ 1945 ਨੂੰ ਹੋਇਆ। ਦੇਸ਼ ਦੀ ਵੰਡ ਪਿੱਛੋਂ ਉਸਦਾ ਪਰਿਵਾਰ ਆਪਣੇ ਜੱਦੀ ਪਿੰਡ ਪਢਾਣਾ, ਜ਼ਿਲ੍ਹਾ ਲਾਹੌਰ ਤੋਂ ਪਿੰਡ ਸੁਰ ਸਿੰਘ ਵਿੱਚ ਵਸ ਗਿਆ ਸੀ। ਸੰਧੂ ਨੇ ਪੰਜਾਬੀ ਵਿਸ਼ੇ ਵਿੱਚ ਪੀ.ਐਚ.ਡੀ. ਕੀਤੀ ਅਤੇ ਪਹਿਲਾਂ ਸਕੂਲ ਅਤੇ ਫੇਰ ਕਾਲਜ ਵਿੱਚ ਬਤੌਰ ਅਧਿਆਪਕ ਕੰਮ ਕੀਤਾ। ਉਸਨੇ ਕਿਰਸਾਣੀ ਜੀਵਨ, ਰਾਜਨੀਤਕ ਚੇਤਨਾ, ਦਲਿਤ ਚੇਤਨਾ ਅਤੇ ਪੰਜਾਬ ਸੰਕਟ ਬਾਰੇ ਬਹੁਤ ਚਰਚਿਤ ਕਹਾਣੀਆਂ ਲਿਖੀਆਂ।

ਉਸਦੇ ਕਹਾਣੀ ਸੰਗ੍ਰਹਿਆਂ ਦਾ ਵੇਰਵਾ ਇਸ ਪ੍ਰਕਾਰ ਹੈ :- ਲੋਹੇ ਦੇ ਹੱਥ, ਅੰਗ-ਸੰਗ, ਭੱਜੀਆਂ ਬਾਹੀਂ, ਚੌਥੀ ਕੂਟ, ਤਿਲ-ਫੁੱਲ, ਜੱਟ ਦੀ ਜੂਨ (ਚੋਣਵੀਆਂ ਕਹਾਣੀਆਂ)। ਉਸਦੇ ਕਹਾਣੀ ਸੰਗ੍ਰਹਿ 'ਚੌਥੀ ਕੂਟ' ਨੂੰ 2000 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ।

#### 1.5.3.3.2 ਕਹਾਣੀ ਦਾ ਸਾਰ/ਵਿਸ਼ਾ-ਵਸਤ

ਡੰਮ੍ਹ ਕਹਾਣੀ ਦਾ ਬਿਰਤਾਂਤ ਭਾਵੇਂ ਇੱਕ ਗਰੀਬ ਕਿਸਾਨ ਤੇਜੂ ਦੀ ਮੌਤ ਤੋਂ ਲੈ ਕੇ ਉਸਦੇ ਅੰਤਿਮ-ਸੰਸਕਾਰ ਦੀ ਪ੍ਰਕਿਰਿਆ ਦੇ ਇਰਦ-ਗਿਰਦ ਹੀ ਬੁਣਿਆ ਹੈ ਪਰ ਕਹਾਣੀ ਸੰਕੇਤ ਦੀ ਜ਼ੁਬਾਨ ਵਿੱਚ ਅਨੇਕ ਪਹਿਲੂਆਂ ਵੱਲ ਪਾਠਕ ਦਾ ਧਿਆਨ ਖਿੱਚਦੀ ਹੈ। ਧਨੀ ਤੇ ਨਿਮਨ ਕਹਾਣੀ ਦੀ ਦਸ਼ਾ ਅਤੇ ਵਿਵਹਾਰ ਦਾ ਵਰਣਨ, ਆਮ ਆਦਮੀ ਦੀਆਂ ਤਾਂਘਾਂ ਤੇ ਸੁਪਨੇ, ਰਾਜਨੀਤੀ, ਧਰਮ ਅਤੇ ਮਨੁੱਖੀ ਵਿਹਾਰ ਵਿਚਲਾ ਦੋਗਲਾਪਨ ਤੇ ਹੋਰ ਕਿੰਨਾ ਕੁਝ ਕਹਾਣੀ ਨੇ ਆਪਣੇ ਕਲਾਵੇ ਵਿੱਚ ਸਮੇਟਿਆ ਹੋਇਆ ਹੈ।

ਡੰਮ੍ਹ ਕਹਾਣੀ ਦਾ ਵਿਸ਼ਾ ਨਿਮਨ ਕਿਸਾਨੀ ਦੇ ਦੁਖਾਂਤ ਨਾਲ ਸੰਬੰਧਿਤ ਹੈ ਕਿ ਕਿਸ ਤਰ੍ਹਾਂ ਨਿਮਨ ਕਿਸਾਨੀ

ਕੋਲ ਖੇਤੀ ਲਈ ਲੋੜੀਂਦੇ ਸਾਧਨ ਦੀ ਅਣਹੋਂਦ ਹੁੰਦੀ ਗਈ ਅਤੇ ਆਰਥਿਕ ਅਸਮਰੱਥਾ ਕਾਰਨ ਉਸਦੀ ਦਸ਼ਾ ਦਿਨੋਂ-ਦਿਨ ਨਿਘਰਨ ਲੱਗੀ ਅਤੇ ਇਹ ਕਿਸਾਨੀ ਹੌਲੀ-ਹੌਲੀ ਕਿਸਾਨੀ ਤੋਂ ਕਿਰਤੀ-ਮਜ਼ਦੂਰ ਵਿੱਚ ਵਟਣ ਲੱਗੀ।

ਇਕ ਮਿਹਨਤੀ ਕਿਸਾਨ ਤੇਜੂ ਆਰਥਿਕ ਤੰਗੀ ਕਾਰਨ ਆਪਣੇ ਸਿਰੜ ਅਤੇ ਯਤਨਾਂ ਦੇ ਬਾਵਜੂਦ ਵੀ ਖੇਤੀ ਨਹੀਂ ਕਰ ਸਕਦਾ, ਹੌਲੀ-ਹੌਲੀ ਉਸਦੀ ਜ਼ਮੀਨ ਵਿਕ ਜਾਂਦੀ ਹੈ ਅਤੇ ਉਸ ਦਾ ਪੁੱਤਰ ਤਾਰਾ ਸ਼ਰੀਕਾਂ ਦਾ ਕਾਮਾ ਬਣਨ ਲਈ ਮਜ਼ਬੂਰ ਹੋ ਜਾਂਦਾ ਹੈ। ਕਹਾਣੀ ਦੇ ਸ਼ੁਰੂ ਵਿੱਚ ਹੀ ਤੇਜੂ ਬੀਮਾਰ ਹੈ ਅਤੇ ਉਸਦੀ ਘਰਵਾਲੀ ਚਿੰਤੋ ਆਪਣੇ ਪੁੱਤਰ ਤਾਰੇ ਨੂੰ ਉਡੀਕਦੀ ਤੇਜੂ ਦਾ ਓਹੜ-ਪੋਹੜ ਕਰਦੀ ਹੈ। ਤਾਰੇ ਦੇ ਲੇਟ ਆਉਣ ਤੇ ਉਸਨੂੰ ਬਹੁਤ ਹੀ ਬੁਰਾ-ਭਲਾ ਕਹਿੰਦੀ ਹੈ ਤੇ ਤਾਰਾ ਵੀ ਅਕਿਆ ਹੋਇਆ ਆਪਣੇ ਬੀਮਾਰ ਪਿਓ ਨੂੰ ਦੇਖ ਕੇ ਟੁੱਟੀ ਮੰਜੀ ਤੇ ਖੇਸ ਲੈ ਕੇ ਪੈ ਜਾਂਦਾ ਹੈ। ਤੇਜੂ ਅੱਧੀ ਰਾਤ ਪ੍ਰਾਣ ਤਿਆਗ ਦਿੰਦਾ ਹੈ। ਤਾਰੇ ਦੇ ਪਿਓ ਦੇ ਮਰਨ ਤੇ ਦੀਪ ਸਿੰਘ ਤੇ ਹਜ਼ਾਰਾ ਸਿੰਘ ਦੋਨੋਂ ਗਵਾਂਢੀ ਥੋੜ੍ਹੀ ਦੇਰ ਲਈ ਆਉਂਦੇ ਹਨ ਅਤੇ ਅਫ਼ਸੋਸ ਕਰਕੇ ਚਲੇ ਜਾਂਦੇ ਹਨ। ਪਿਛਲੇ ਘਰੋਂ ਜੋ ਬਜ਼ੁਰਗ ਔਰਤ ਆਉਂਦੀ ਹੈ ਤਾਂ ਉਹ ਠੰਡ ਤੋਂ ਡਰਦੀ ਵਾਪਸ ਚਲੀ ਜਾਂਦੀ ਹੈ। ਚਿੰਤੋ ਤੇ ਤਾਰੇ ਨੂੰ ਕਫ਼ਨ ਤੇ ਬਾਲਣ ਦੀ ਚਿੰਤਾ ਸਤਾਉਂਦੀ ਹੈ। ਸਵੇਰੇ ਪਿੰਡ ਦੇ ਬੰਦੇ ਇਕੱਠੇ ਹੋਕੇ ਤੇਜੂ ਦੀਆਂ ਗੱਲਾਂ ਕਰਦੇ ਹਨ ਕਿ ਉਹ ਕਿੰਨਾ ਹਸਮੁੱਖ, ਜਿੰਦਾ-ਦਿਲ ਸੀ ਅਤੇ ਆਪਣੇ ਦੁੱਖ ਨੂੰ ਲੁਕਾਉਣ ਵਾਲਾ ਸੀ। ਆਪਣੇ 'ਹਾਸੇ ਅਤੇ ਅਕਲ ਦੀਆਂ ਕਾਪੀਆਂ' ਜਿਹੇ ਸਵੈ-ਸਿਰਜੇ ਭਰਮ-ਜਾਲ ਨਾਲ ਉਹ ਆਪਣੇ ਅਸੰਤੁਲਨ ਨੂੰ ਸੰਤੁਲਨ ਵਿੱਚ ਬੰਨ੍ਹਣ ਦੀ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ। ਉਸ ਦੀਆਂ ਅਕਲ ਵਾਲੀਆਂ ਦੱਸੀਆਂ ਗੱਲਾਂ ਤੇ ਅਮਲ ਕਰਕੇ ਕਈ ਤਰ ਗਏ ਸਨ ਪਰ ਤਾਰਾ, ਤਾਰੇ ਦਾ ਤਾਰਾ ਹੀ ਰਿਹਾ ਸੀ। ਤੇਜੂ ਦੀ ਬਹੁਤ ਇੱਛਾ ਸੀ ਕਿ ਉਸ ਦਾ ਤਾਰਾ ਵੀ ਪੜ੍ਹੇ, ਚੰਗੇ ਨੌਕਰੀ ਕਰੇ ਜਾਂ ਚੰਗੀ ਖੇਤੀ ਕਰੇ ਜਾਂ ਭਲਵਾਨ ਬਣੇ, ਆਦਿ। ਪਰ ਜੇ ਕਦੇ ਕੋਈ ਤਾਰੇ ਦੇ ਨਾ ਪੜ੍ਹ ਸਕਣ ਅਤੇ ਨਾ 'ਤਰ ਸਕਣ' ਬਾਰੇ ਕਹਿੰਦਾ ਤਾਂ ਤੇਜੂ ਪਹਿਲਾਂ ਤਾਂ ਹੱਸ ਪੈਂਦਾ, ਫੇਰ ਗੰਭੀਰ ਸੁਰ ਵਿੱਚ ਬੋਲਦਾ :

> ''ਵੀਰ ਮੇਰਿਆ ਤੂੰ ਸਿਆਣਾ ਏਂ ........ ਤਰਿਆ ਤਾਂ ਪਾਣੀ 'ਚ ਈ ਜਾਂਦਾ ਏ ਨਾ। ਜੇ ਕੋਈ ਪਾਣੀ 'ਚ ਡਿੱਗੇ ਤੇ ਕੋਈ ਤਰੇ ਵੀ। ਤੇ ਜੇ ਕੋਈ ਡਿੱਗੇ ਈ ਗਲ-ਗਲ ਚਿੱਕੜ 'ਚ? ਹੈਂਅ .........।''

ਗੁਆਂਢੀ ਦੀਪ ਸਿੰਘ ਨੇ ਲੱਕੜੀਆਂ ਦਾ ਇੰਤਜ਼ਾਮ ਕਰ ਦਿੱਤਾ ਅਤੇ ਗੁਰਬਚਨ ਸਿੰਘ ਰਸਮੀ ਤੌਰ ਤੇ ਅਫ਼ਸੋਸ ਕਰਨ ਆਏ ਨੇ ਕਫ਼ਨ ਲਈ ਪੈਸੇ ਦੇ ਦਿੱਤੇ। ਗੁਰਬਚਨ ਸਿੰਘ ਦਾ ਪਿਤਾ ਫ਼ੌਜ 'ਚੋਂ ਰੀਟਾਇਰ ਸੀ ਅਤੇ ਪੈਸੇ ਤੋਂ ਹੋਰ ਪੈਸਾ ਖਿੱਚਣ ਦੀ ਲਾਲਸਾ ਕਾਰਨ ਉਹ ਖੇਤੀ ਤੋਂ ਇਲਾਵਾ ਹੋਰ ਵੀ ਕੰਮ ਕਰਦੇ ਸਨ। ਗੁਰਬਚਨ ਸਰਪੰਚ ਬਣਨ ਤੋਂ ਬਾਅਦ ਐਮ.ਐਲ.ਏ. ਬਣਨ ਦੀ ਇੱਛਾ ਰੱਖਦਾ ਸੀ। ਪਿੰਡ ਵਿੱਚ ਮੰਡੀ ਖੁਲ੍ਹਵਾਉਣ ਦੇ ਯਤਨਾਂ ਪਿੱਛੇ ਵੀ ਉਸਦਾ ਸਵਾਰਥ ਸੀ। ਇਸ ਵਿੱਚ ਸਮਝ ਵੀ ਹੈ ਅਤੇ ਹੰਕਾਰ ਵੀ ਕਿ ਉਸ ਕੋਲ ਸੱਤਾ ਅਤੇ ਸਰਦਾਰੀ, ਉਨ੍ਹਾਂ ਦੀ ਆਪਣੀ ਹੀ ਦੌਲਤ ਦੀ ਬਦੌਲਤ ਹੈ। ਪਰ ਇਹ ਲੋਕ ਇਹ ਵੀ ਜਾਣਦੇ ਹਨ ਕਿ ਲੋਕ ਰਾਜ ਵਿੱਚ ਜਨਤਾ ਦੇ ਸਹਿਯੋਗ ਬਿਨਾ ਸੱਤਾ ਹਥਿਆਈ ਨਹੀਂ ਜਾ ਸਕਦੀ। ਇਸ ਲਈ ਦਿੱਖ ਦੀ ਪੱਧਰ ਤੇ ਇਹ ਸ਼੍ਰੇਣੀ 'ਵੋਟਾਂ ਬਟੋਰਨ' ਦੀ ਰਾਜਨੀਤੀ ਅਧੀਨ ਤੇਜੂ/ਤਾਰੇ ਜਿਹੇ ਲੋਕਾਂ ਦੀ ਨਿਮਨ ਸ਼੍ਰੇਣੀ ਨਾਲ ਹਮਦਰਦੀ ਦਾ ਸਵਾਂਗ ਵੀ ਰਚਦੀ ਰਹਿੰਦੀ ਹੈ।

ਜਦੋਂ ਦੀਪ ਤੇ ਤਾਰਾ ਕਫ਼ਨ ਖ਼ਰੀਦਣ ਚਲੇ ਗਏ ਤਾਂ ਤੇਜੂ ਦੇ ਆਲੇ-ਦੁਆਲੇ ਬੈਠੇ ਬਜ਼ੁਰਗਾਂ ਵਿੱਚੋਂ ਕਿਸੇ ਨੇ ਤੇਜੂ ਤੇ ਫੱਤੂ ਦੇ ਘੋਲ ਦੀ ਗੱਲ ਸੁਣਾਈ ਕਿ ਤੇਜੂ ਫੱਤੂ ਨਾਲ ਜ਼ਿੱਦ ਕਰਕੇ ਪੈਲੀ ਦੀ ਥਾਂ ਛੱਪੜ 'ਚ ਘੁਲਿਆ। ਤੇਜੂ ਮੱਧਰਾ ਸੀ ਅਤੇ ਫੱਤੂ ਲੰਮਾ ਜੁਆਨ ਤਾਂ ਫੱਤੂ ਨੇ ਤੇਜੂ ਨੂੰ ਗਰਦਨ ਤੋਂ ਫੜ੍ਹ ਕੇ ਗੋਤਾ ਦੇ ਦਿੱਤਾ। ਫੱਤੂ ਉਸਨੂੰ ਵਾਰ-ਵਾਰ ਪਾਣੀ ਵਿੱਚ ਡੋਬਦਾ ਰਿਹਾ ਅਤੇ ਲੋਕਾਂ ਨੇ ਮਸਾਂ ਛੁਡਾਇਆ। ਫੇਰ ਵੀ ਤੇਜੂ ਅੱਗੋਂ ਹੱਸਦਾ ਫੱਤੂ ਨੂੰ ਕਹੀ ਗਿਆ, ''ਆ ਫਿਰ ...... ਆ ਫਿਰ''। ਬਜ਼ੁਰਗ ਦੀ ਗੱਲ ਸੁਣ ਕੇ ਸਾਰੇ ਹੱਸ ਪਏ। ਥੋੜ੍ਹੀ ਦੂਰ ਵਿਚਕਾਰ ਮੰਜੇ ਤੇ ਉਹੀ ਤੇਜੂ ਪਿਆ ਸੀ।

ਬੇਖ਼ਬਰ ..... ਬੇਪਰਵਾਹ, ਹਮੇਸ਼ਾ ਚੜ੍ਹਦੀਕਲਾ 'ਚ ਰਹਿਣ ਵਾਲਾ ....... ਜਿਹੜਾ ਜ਼ਿੰਦਗੀ ਭਰ ਪਤਾ ਨਹੀਂ ਕਿਹੜੇ ਸਿਰ-ਸਿਰ ਡੂੰਘੇ ਪਾਣੀ ਵਾਲੇ ਡੁੰਮ੍ਹ (ਟੋਏ) ਵਿੱਚ ਪਿਆ ਰਿਹਾ ਸੀ, ਜਿਸ ਵਿੱਚ ਡੁੱਬਣੋਂ ਬਚਣ ਲਈ ਉਹ ਲੋਕਾਂ ਨੂੰ ਸਿਆਣੀਆਂ ਸਲਾਹਾਂ ਦਿੰਦਾ ਹੈ ਅਤੇ ਅਖ਼ੀਰ ਉਹ ਸਿਰ-ਸਿਰ ਪਾਣੀ ਵਿੱਚ ਡੁੱਬ ਗਿਆ ਸੀ।

### 1.5.3.3.3 ਆਲੋਚਨਾਤਮਕ ਪਰਖ

ਸੰਧੂ ਦੀ 'ਡੁੰਮ੍ਹ' ਕਹਾਣੀ ਨਿਮਨ ਵਰਗ ਦੀ ਆਰਥਿਕਤਾ ਦੀ ਗੱਲ ਕਰਦੀ ਹੈ। ਇਸ ਕਹਾਣੀ ਦੀ ਮੁੱਖ ਘਟਨਾ ਇੱਕ ਗਰੀਬ ਕਿਸਾਨ ਤੇਜੂ ਦੀ ਮੌਤ ਤੋਂ ਲੈ ਕੇ ਅੰਤਮ ਸੰਸਕਾਰ ਦੀ ਪ੍ਰਕਿਰਿਆ ਦੇ ਇਰਦ-ਗਿਰਦ ਘੁੰਮਦੀ ਹੈ। ਬਾਕੀ ਘਟਨਾਵਾਂ ਤੇਜੂ ਦੀ ਜ਼ਿੰਦਗੀ ਦੇ ਵੇਰਵੇ ਪੇਸ਼ ਕਰਦੀਆਂ ਹਨ, ਗਰੀਬੀ ਕਰਕੇ ਬੱਚੇ ਨੂੰ ਨਾ ਪੜ੍ਹਾ ਸਕਣਾ, ਪਰਿਵਾਰ ਦੇ ਬਾਕੀ ਜੀਆਂ ਦਾ ਦੁਖੀ ਹੋਣਾ। ਆਰਥਿਕ ਤੰਗੀ ਕਾਰਨ ਚਿੰਤੋ ਤੇ ਤਾਰੇ ਦਾ ਆਪਸ ਵਿੱਚ ਭੈੜਾ ਬੋਲਣਾ। ਆਰਥਿਕ ਤੌਰ ਤੇ ਨਿਘਰੇ, ਕਲੇਸ਼ਾਂ ਵਿੱਚ ਘਿਰੇ ਰਿਸ਼ਤੇ, ਜਿਨ੍ਹਾਂ ਦੇ ਬੋਲਾਂ ਵਿੱਚ ਕਿਸੇ ਪ੍ਰਕਾਰ ਦਾ ਨਿੱਘ, ਮਿਠਾਸ ਨਾ ਹੋਣਾ ਕਹਾਣੀ ਦੀ ਵਿਲੱਖਣਤਾ ਤੇਜੂ ਜਿਹੇ ਯਾਦਗਾਰੀ ਪਾਤਰ ਸਿਰਜਣ ਵਿੱਚ ਹੈ। ਸ਼ਬਦਾਂ ਦੇ ਬਾਣ ਨਾਲ ਜਿੱਥੇ ਉਹ ਕਿਸੇ ਦੂਜੇ ਤੇ ਵਾਰ ਕਰਦਾ ਹੈ ਤਾਂ ਆਪਣੇ-ਆਪ ਨੂੰ ਵੀ ਨਹੀਂ ਬਖ਼ਸ਼ਦਾ, ਬੇਸ਼ੱਕ ਉਸਦੇ ਹੱਸਦੇ ਬੋਲਾਂ ਪਿੱਛੇ ਰੋਂਦੀਆਂ ਅੱਖਾਂ ਦਾ ਦਰਦ ਵੀ ਲੁਕਿਆ ਹੋਇਆ ਸੀ ਪਰ 'ਡੁੰਮ੍ਹ' ਦਾ ਤੇਜੂ ਅੱਜ ਦੇ ਦਿਲ ਛੱਡ ਬੈਠੇ ਕਿਸਾਨ ਲਈ ਇੱਕ ਮਾਡਲ ਵਜੋਂ ਪੇਸ਼ ਹੁੰਦਾ ਹੈ। ਕਹਾਣੀ ਦਾ ਸਿਰਲੇਖ ਢੁੱਕਵਾਂ ਹੈ ਕਿਉਂਕਿ ਪਤਾ ਨਹੀਂ ਸਮੇਂ ਦਾ, ਹਾਲਾਤ ਦਾ ਕਿਹੜਾ ਫੱਤੂ ਸੀ ਜਿਸਨੇ ਤੇਜੂ ਨੂੰ ਪਾਣੀ 'ਚੋਂ ਸਿਰ ਬਾਹਰ ਨਹੀਂ ਸੀ ਕੱਢਣ ਦਿੱਤਾ ਅਤੇ ਹਰ ਸਾਹ ਨਾਲ ਹੱਸਦੇ ਨੂੰ ਉਹਨੂੰ ਗੋਤੇ ਆਉਂਦੇ ਰਹੇ ਸਨ ਅਤੇ ਅਖ਼ੀਰ ਉਹ ਪਾਣੀ ਵਿੱਚ ਡੁੱਬ ਗਿਆ ਸੀ। ਪਾਤਰਾਂ ਦੀ ਵਾਰਤਾਲਾਪ ਬਹੁਤ ਨਾਟਕੀ ਤੇ ਤਿੱਖੀ ਹੈ, ਜਿਸ ਤੋਂ ਪਾਤਰਾਂ ਦੇ ਸੁਭਾਅ ਵੀ ਪ੍ਰਗਟ ਹੁੰਦੇ ਹਨ। ਸਥਿਤੀ ਦਾ ਸੱਚ ਵੀ ਸਾਹਮਣੇ ਆਉਂਦਾ ਹੈ – ਕਹਾਣੀ ਵਿਚਲੀ ਵਾਰਤਾਲਾਪ ਪਾਤਰਾਂ ਅਨੁਸਾਰ ਢੁੱਕਵੀਂ ਹੈ। ਗੁਰਬਚਨ ਦੇ ਪਿਤਾ ਫ਼ੌਜੀ ਕਪਤਾਨ ਦੇ ਅਫ਼ਸੋਸ ਕਰਨ ਸਮੇਂ ਕਹੇ ਸ਼ਬਦ ''ਬਾਤ ਇਹ ਹੈ ਕਿ ਉਸਨੂੰ ਠੰਡ ਲੱਗੀ। ਉਹ ਗਰਮ ਕੱਪੜਾ ਤਾਂ ਪਹਿਨਦਾ ਨਹੀਂ ਸੀ .......... ਉਸਨੇ ਬਚਨਾ ਕਿਆ ਸੀ।''

ਤੇਜੂ ਦੇ ਬੋਲਾਂ ਵਿੱਚੋਂ ਤਿੱਖਾ ਦੁਖਾਂਤ ਵਿਅੰਗ ਉਸਦੇ ਵਤੀਰੇ ਤੇ ਵਰਤਾਰੇ ਨੂੰ ਉਜਾਗਰ ਕਰਦਾ ਹੈ। ਜਿਵੇਂ ਕਿ, 'ਨੰਬਰਦਾਰਾ ਠੰਡ ਨੇ ਸਾਤੋਂ ਕੀ ਲੈਣਾ? ਠੰਡ ਨਹੀਂ ਸਾਨੂੰ ਲਗਦੀ, ਅਸੀਂ ਠੰਡ ਨੂੰ ਲਗਦੇ ਹਾਂ''। ਭੋਲੇ-ਭਾਲੇ ਤੇ ਜੂ ਦੇ ਪਿੰਡ ਦੇ ਬੰਦੇ ਨੂੰ ਕਹੇ ਸ਼ਬਦ ''ਕਿੱਧਰ ਯਾਰ ਮੋਗੇ ਅਲ ਜ਼ਮੀਨ ਜਾ ਲਈ ਉ। ਐਧਰ ਕਿਧਰੇ ਆਪਣੀ ਪੰਜਾਬ 'ਚ ਲੈ ਲੋ।''।

ਸੰਧੂ ਦੀ ਕਥਾ-ਜੁਗਤ ਵਿੱਚ ਵਿਸ਼ੇਸ਼ ਮੁਹਾਰਤ ਹੈ। ਵਰਿਆਮ ਸੰਧੂ ਦੀ ਇਹ ਕਹਾਣੀ ਬਹੁਤ ਸਫ਼ਲ ਢੰਗ ਨਾਲ ਆਪਣੇ ਅਰਥਾਂ ਦਾ ਸੰਚਾਰ ਕਰਦੀ ਹੈ।

### 1.5.4 ਸਿੱਟਾ

ਪਹਿਲੀ ਕਹਾਣੀ ਵਿਚ ਸਥਾਪਿਤ ਤਾਕਤਾਂ ਅਤੇ ਨਿਮਨ ਵਰਗ ਆਪੋ-ਆਪਣੇ ਵਰਗਾਂ ਦੀ ਪ੍ਰਤਿਨਿਧਤਾ ਕਰਦੀਆਂ ਹਨ। ਦੂਜੀ ਕਹਾਣੀ ਸਥਿਤੀ ਵਿਚ ਪਏ ਵਿਭਿੰਨ ਧਿਰਾਂ ਦੇ ਆਪਸੀ ਤਿੱਖੇ ਵਿਰੋਧ ਦਾ ਪ੍ਰਮਾਣਿਕ ਵਿਵੇਕ ਸਿਰਜਨ ਨਿਹਿਤ ਹੈ। ਡੁੰਮ੍ਹ ਕਹਾਣੀ ਨਿਮਨ ਵਰਗ ਦੀ ਆਰਥਿਕਤਾ ਦੀ ਗੱਲ ਕਰਦੀ ਹੈ।

### 1.5.5 ਅਭਿਆਸ ਲਈ ਪ੍ਰਸ਼ਨ

1. ਕਹਾਣੀ ਦੇ ਸ਼ੁਰੂ ਵਿੱਚ ਫ਼ੌਜੀ ਨੂੰ ਕੀ ਵੇਖ ਕੇ ਅਤੇ ਕਿਉਂ ਏਨਾ ਗੁੱਸਾ ਆਇਆ?
2. ਗੁਰਦੁਆਰੇ ਵਿੱਚ ਪਿੰਡ ਦੇ ਲੋਕਾਂ ਨੇ ਮਿਲਕੇ ਕੀ ਪ੍ਰਣ ਲਿਆ ਸੀ?
3. ਇਹ ਕਹਾਣੀ ਰਵਾਇਤੀ ਕਿਸਮ ਦੀ ਪ੍ਰਗਤੀਵਾਦੀ ਕਹਾਣੀ ਨਾਲੋਂ ਕਿਵੇਂ ਭਿੰਨ ਹੈ?
4. ਕਿਰਪਾਲ ਕਜ਼ਾਕ ਦੇ ਕਹਾਣੀ ਸੰਗ੍ਰਹਿਾਂ ਦੇ ਨਾਂ ਲਿਖੋ।
5. ਸੁੰਦਰ ਦਾ ਨਾਂ ਬਠਲੂ ਕਦੋਂ ਅਤੇ ਕਿਵੇਂ ਪਿਆ?
6. ਬਠਲੂ ਦੇ ਪਿੰਡੇ ਤੇ ਨੀਲ ਪੈਣ ਬਾਰੇ ਲੋਕਾਂ ਦੀ ਕੀ ਰਾਇ ਹੈ?

7. ਕਹਾਣੀ ਵਿਚਲਾ ਅਣ-ਪੂਰਿਆ ਟੋਆ ਕਿਸ ਸੱਚਾਈ ਦਾ ਪ੍ਰਤੀਕ ਹੈ?
8. ਓਪਰੀ ਸ਼ੈਅ ਕਿਸ ਹਕੀਕਤ ਦੀ ਪ੍ਰਤੀਕ ਹੈ?
9. ਅਤਰਜੀਤ ਨੂੰ 'ਅਦਨੇ ਲੋਕਾਂ ਦਾ ਲੇਖਕ' ਕਿਉਂ ਕਿਹਾ ਜਾਂਦਾ ਹੈ?
10. ਤੇਜੂ ਦੀ ਮੌਤ ਦੀ ਖ਼ਬਰ ਸੁਣ ਕੇ ਕੌਣ-ਕੌਣ ਉਸ ਦੇ ਘਰ ਹਮਦਰਦੀ ਕਰਨ ਆਇਆ?
11. ਤੇਜੂ ਦੇ ਮਨ ਵਿੱਚ ਤਾਰੇ ਨਾਲ ਸੰਬੰਧਿਤ ਕਿਸ ਤਰ੍ਹਾਂ ਦੇ ਸੁਪਨੇ ਸਨ?
12. ਕਹਾਣੀ ਦੇ ਸਿਰਲੇਖ ਡੁੰਮ੍ਹ ਤੋਂ ਕੀ ਭਾਵ ਹੈ?
13. ਤੇਜੂ ਦੀ ਮੌਤ ਤੇ ਇਕੱਠੇ ਹੋਏ ਲੋਕ ਉਸਦੇ ਸੁਭਾਅ ਦੇ ਕਿਹੜੇ ਪੱਖਾਂ ਬਾਰੇ ਗੱਲਾਂ ਕਰ ਰਹੇ ਸਨ?

## 1.5.6 ਸਹਾਇਕ ਪੁਸਤਕ ਸੂਚੀ

ਬਲਦੇਵ ਸਿੰਘ ਧਾਲੀਵਾਲ, ਵਰਿਆਮ ਸਿੰਘ ਸੰਧੂ ਦਾ ਕਥਾ ਸੰਦਰਭ, ਰਾਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1985।

ਕਥਾ ਰੰਗ (ਸੰਪਾ.) – ਵਰਿਆਮ ਸਿੰਘ ਸੰਧੂ ਅਤੇ ਡਾ. ਬਲਦੇਵ ਸਿੰਘ ਚੀਮਾ

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.